
Postal No.-- G/CHD/0111/2018-2020
Regd No. 32212/78

# ਲੁਬਾਣਾ ਸੇਵਕ

ਮਈ 2019 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਦੁਨੀਆਂ ਭਰ ਵਿਚ ਵਸਦੇ ਸਮੂਹ ਮਿਹਨਤਕਸ਼ਾਂ ਨੂੰ ਸਲਾਮ !




ਬੱਚਿਆਂ ਦਾ ਉਜਵੱਲ ਭਵਿੱਖ ਬਣਾਉ,
ਬਾਲ ਮਜ਼ਦੂਰੀ ਹਟਾਓ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਮਜ਼ਦੂਰ ਦਿਵਸ



ਮਜ਼ਦੂਰ ਦਿਵਸ ਦੀ ਸ਼ੁਰੂਆਤ ਸ਼ਿਕਾਗੋ ਅਮਰੀਕਾ ਵਿਚ ਹੋਈ ਸੀ। ਮਜ਼ਦੂਰਾਂ ਕੋਲੋਂ 15 ਘੰਟੇ ਰੋਜ਼ ਕੰਮ ਲਿਆ ਜਾਂਦਾ ਸੀ। ਪਹਿਲੀ ਮਈ ਸੰਨ 1986 ਨੂੰ ਅਮਰੀਕਾ ਵਿਚ ਮਜ਼ਦੂਰਾਂ ਨੇ ਅੱਠ ਘੰਟੇ ਕੰਮ ਕਰਨ ਵਾਸਤੇ ਬਹੁਤ ਵੱਡਾ ਸੰਘਰਸ਼ ਕੀਤਾ ਸੀ ਅਤੇ ਇੱਕ ਪ੍ਰੋਟੈਸਟ ਵਿਚ ਬਹੁਤ ਨੁਕਸਾਨ ਹੋਇਆ ਸੀ ਅਤੇ ਕਈ ਮਜ਼ਦੂਰ ਸ਼ਹੀਦ ਹੋਏ ਸਨ। ਭਾਰਤ ਵਿਚ "ਮਜ਼ਦੂਰ ਦਿਵਸ" ਸੰਨ 1923 ਵਿਚ ਮਨਾਇਆ ਗਿਆ ਸੀ। ਇਹ ਦਿਨ ਦੋ ਜਗ੍ਹਾ ਤੇ ਮਨਾਇਆ ਗਿਆ ਸੀ। ਇਸ ਦੀ ਇੱਕ ਮੀਟਿੰਗ ਮਦਰਾਸ ਹਾਈ ਕੋਰਟ ਦੇ ਸਾਹਮਣੇ ਬੀਚ ਉੱਤੇ ਅਤੇ ਦੂਸਰੀ ਟ੍ਰੀਪਲੀਕੇਨ ਬੀਚ ਉੱਪਰ ਹੋਈ ਸੀ। ਭਾਰਤ ਵਿਚ ਅੱਜਕਲ੍ਹ ਪਹਿਲੀ ਮਈ ਨੂੰ ਮਜ਼ਦੂਰ ਦਿਵਸ "ਅੰਤਰ ਰਾਸ਼ਟਰੀ ਸ਼ਰਮਿਕ" ਦਿਵਸ ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। ਮਜ਼ਦੂਰ ਦਿਵਸ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਨਾਮਾਂ ਨਾਲ ਮਨਾਇਆ ਜਾਂਦਾ ਹੈ। ਮਜ਼ਦੂਰ ਦਿਵਸ ਹਿੰਦੁਸਤਾਨ ਵਿਚ ਨੈਸ਼ਨਲ ਹੋਲੀਡੇ ਦੇ ਤੌਰ ਤੇ ਨਹੀਂ ਮਨਾਇਆ ਜਾਂਦਾ ਪਰ ਭਾਰਤ ਦੇ ਕਈ ਰਾਜਾਂ ਵਿਚ ਪਬਲਿਕ ਹੋਲੀਡੇ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

ਮਜ਼ਦੂਰ ਸੰਗਠਨਾਂ ਵੱਲੋਂ ਥਾਂ-ਥਾਂ ਤੇ ਸਮਾਗਮ ਕੀਤੇ ਜਾਂਦੇ ਹਨ। ਕਈ ਮਜ਼ਦੂਰ ਜੱਥੇਬੰਦੀਆਂ ਵੱਲੋਂ ਸਮਾਗਮਾਂ 'ਚ ਮੁੱਖ ਮਹਿਮਾਨ ਵੱਜੋਂ ਰਾਜਨੀਤਿਕ ਪਾਰਟੀਆਂ ਦੇ ਲੀਡਰਾਂ ਨੂੰ ਸੱਦੇ ਦਿੱਤੇ ਜਾਂਦੇ ਹਨ। ਇਹ ਲੀਡਰ ਮਜ਼ਦੂਰਾਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੇ ਭਾਸ਼ਣ ਦਿੱਤੇ ਜਾਂਦੇ ਹਨ। ਮਜ਼ਦੂਰਾਂ ਨੂੰ ਹੋਰ ਸਹੂਲਤਾਂ ਦੇਣ ਦੇ ਵੱਡੇ-ਵੱਡੇ ਵਾਇਦੇ ਕੀਤੇ ਜਾਂਦੇ ਹਨ। ਪਰ ਕੀ ਮਜ਼ਦੂਰ ਅਜੇ ਵੀ ਆਪਣੇ ਅਧਿਕਾਰਾਂ, ਆਪਣੇ ਹੱਕਾਂ ਜਾਂ ਆਪਣੇ ਪ੍ਰਤੀ ਬਣੇ ਕਾਨੂੰਨਾਂ ਨੂੰ ਜਾਣ ਸਕਿਆ? ਸ਼ਾਇਦ ਨਹੀਂ ਕਿਉਂਕਿ ਜੇ ਉਸਨੂੰ ਆਪਣੇ ਅਧਿਕਾਰ ਪਤਾ ਹੁੰਦੇ ਤਾਂ ਅੱਜ ਆਜ਼ਾਦੀ ਦੇ ਕਈ ਸਾਲ ਬਾਅਦ ਵੀ ਉਹ ਗ਼ੁਲਾਮ ਮਜ਼ਦੂਰ ਨਾ ਬਣ ਕੇ ਰਹਿੰਦਾ। ਮੇਰੇ ਦੇਸ਼ ਦੇ ਮਜ਼ਦੂਰਾਂ ਨੂੰ ਤਾਂ ਇੰਨਾ ਵੀ ਪਤਾ ਨਹੀਂ ਕਿ 1 ਮਈ "ਮਜ਼ਦੂਰ ਦਿਵਸ" ਉਹਨਾਂ ਦਾ ਦਿਨ ਹੈ। ਇਸ ਦਿਨ ਕੀ ਹੋਇਆ ਸੀ। ਇਸ ਦਿਨ ਨੂੰ ਕਿਉਂ ਮਨਾਇਆ ਜਾਂਦਾ ਹੈ। ਜੇਕਰ ਉਹ ਇਹ ਸਭ ਜਾਣ ਜਾਂਦੇ ਤਾਂ ਹੋ ਸਕਦਾ ਸੀ ਕਿ ਸਾਡੇ ਮਜ਼ਦੂਰ ਅੱਜ ਇੰਨੇ ਮਜ਼ਬੂਰ ਨਾਂ ਹੁੰਦੇ, ਉਹਨਾਂ ਨੂੰ ਅੱਜ ਵੀ ਆਪਣੇ ਹੱਕਾਂ ਲਈ ਸੰਘਰਸ਼ ਜਾਂ ਭੁੱਖ-ਹੜਤਾਲਾਂ, ਧਰਨੇ ਆਦਿ ਨਾਂ ਕਰਨੇ ਪੈਂਦੇ। ਭਾਵੇਂ ਮਜ਼ਦੂਰਾਂ ਵੱਲੋਂ ਸੰਗਠਨ ਬਣਾ ਲਏ ਗਏ ਹਨ ਪਰ ਫਿਰ ਵੀ ਉਹ ਸਮੇਂ ਦੀਆਂ ਸਰਕਾਰਾਂ ਨੂੰ ਆਪਣੇ ਹੱਕ, ਅਧਿਕਾਰ ਲੈਣ ਤੋਂ ਵਾਂਝੇ ਰਹਿ ਗਏ ਹਨ। ਅੱਜ ਵੀ ਮਜ਼ਦੂਰਾਂ ਤੇ ਅਤਿਆਚਾਰ, ਉਹਨਾਂ ਦੀ ਲੁੱਟ-ਕਸੁੱਟ, ਉਹਨਾਂ ਤੇ ਜ਼ੁਲਮ ਆਦਿ ਸਰ੍ਹੇਆਮ ਕੀਤੇ ਜਾ ਰਹੇ ਹਨ। ਉਹਨਾਂ ਲਈ ਬਣਾਏ ਕਾਨੂੰਨ ਉਹਨਾਂ ਤੇ ਲਾਗੂ ਨਾਂ ਹੋਣ ਦਿੱਤੇ ਜਾਂਦੇ। ਉਹਨਾਂ ਨੂੰ ਮਿਲਣ ਵਾਲੇ ਅਧਿਕਾਰਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਕਿਸੇ ਮਜ਼ਦੂਰ ਦੀ ਕੋਈ ਸਕਿਉਰਿਟੀ ਨਹੀਂ ਰਹਿ ਗਈ। ਕਾਰਖਾਨਿਆਂ, ਸਰਕਾਰੀ ਦਫ਼ਤਰਾਂ ਵਿਚ ਠੇਕੇ ਤੇ ਰੱਖੇ ਮੁਲਾਜ਼ਮ ਵੀ ਬਗਾਰ ਦੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹਨ। ਕਿਸੇ ਨੂੰ ਕੁੱਝ ਨਹੀਂ ਪਤਾ ਕਿ ਕਦੋਂ ਉਹਨਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਣਾ ਹੈ। ਦੇਸ਼ ਦਾ ਭਵਿੱਖ ਵੀ ਪੜ੍ਹ ਲਿਖ ਕੇ ਰੁਜ਼ਗਾਰ ਨਾ ਹੋਣ ਕਾਰਨ ਲੁੱਟਾਂ-ਖੋਹਾਂ ਦੇ ਰਾਹ ਤੁਰ ਪਿਆ ਹੈ। ਸਰਕਾਰ ਦੀ ਕੋਈ ਨੀਤੀ ਨਹੀਂ ਹੈ ਕਿ ਕਿਵੇਂ ਬੇਰੁਜ਼ਗਾਰੀ ਖ਼ਤਮ ਕੀਤੀ ਜਾਵੇ ਜਾਂ ਮਜ਼ਦੂਰਾਂ ਦੇ ਵਿਕਾਸ ਲਈ ਕੋਈ ਉਪਰਾਲੇ ਕੀਤੇ ਜਾਣ। ਆਖ਼ਿਰ ਕਦੋਂ ਤੱਕ ਇਹ ਸਰਮਾਏਦਾਰ ਲੋਕ ਮਜ਼ਦੂਰਾਂ ਦਾ ਸ਼ੋਸ਼ਣ ਕਰਦੇ ਰਹਿਣਗੇ। ਕਦੋਂ ਤੱਕ ਇੱਕ ਗ਼ਰੀਬ ਆਦਮੀ ਮਜ਼ਬੂਰੀ ਵੱਲ ਇਹਨਾਂ ਨਕਲੀ ਚਿਹਰੇ ਲਗਾਏ ਸਰਮਾਏਦਾਰ ਸਮਾਜ ਸੇਵਕਾਂ ਦੀਆਂ ਜਿਆਦਤੀਆਂ ਦਾ ਸ਼ਿਕਾਰ ਹੁੰਦੇ ਰਹਿਣਗੇ। ਸ਼ਾਇਦ ਇਸਦਾ ਜਵਾਬ ਸਾਡੇ ਉੱਚ ਅਹੁਦਿਆਂ 'ਤੇ ਬੈਠੇ ਮੰਤਰੀ ਜਾਂ ਸਰਕਾਰਾਂ ਨਹੀਂ ਦੇ ਸਕਦੀਆਂ। ਪ੍ਰਸ਼ਾਸ਼ਨ ਵੀ ਕੁਝ ਨਹੀਂ ਕਰਦਾ। ਹਾਦਸੇ ਤੋਂ ਬਾਅਦ ਹੀ ਸਭ ਜਾਂਚਾਂ ਸ਼ੁਰੂ ਹੋ ਜਾਂਦੀਆਂ ਹਨ। ਸਾਰੇ ਕਾਨੂੰਨ ਸਾਹਮਣੇ ਆ ਜਾਂਦੇ ਹਨ। ਮੰਤਰੀ ਤੱਕ ਹਾਦਸਿਆਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਇਨਸਾਫ ਦਵਾਉਣ ਦਾ ਭਰੋਸਾ ਦਵਾਇਆ ਜਾਂਦਾ ਹੈ। ਮੁਆਵਜ਼ਿਆਂ ਦੇ ਐਲਾਨ ਹੋਣ ਲੱਗ ਜਾਂਦੇ ਹਨ। ਇਹ ਚੀਜ਼ਾਂ ਹਾਦਸਿਆਂ ਤੋਂ ਬਾਅਦ ਹੀ ਕਿਉਂ ਹੁੰਦੀਆਂ ਹਨ। ਇਹਨਾਂ ਨੂੰ ਪਹਿਲਾਂ ਹੀ ਠੀਕ ਕਿਉਂ ਨਹੀਂ ਕੀਤਾ ਜਾਂਦਾ। ਅਸੀਂ ਮਜ਼ਦੂਰ ਦਿਵਸ ਦਾ ਭਾਸ਼ਣ ਸੁਣ ਕੇ ਜਾਂ ਦੇਖ ਕੇ ਬਹੁਤ ਖੁਸ਼ ਹੁੰਦੇ ਹਾਂ ਪਰ ਕਦੀ ਕਿਸੇ ਮਜ਼ਦੂਰ ਦੇ ਹੱਕ ਵਿਚ ਆਵਾਜ਼ ਉਠਾਉਣ ਦੀ ਕੋਸ਼ਿਸ਼ ਨਹੀਂ ਕਰਦੇ। ਜੇਕਰ ਅਜਿਹੇ ਹਾਦਸੇ ਹੁੰਦੇ ਰਹੇ, ਪ੍ਰਸ਼ਾਸ਼ਨ ਅਜਿਹੀਆਂ ਚੀਜ਼ਾਂ ਅਣਗੌਲਿਆਂ ਕਰਦਾ ਰਿਹਾ ਤਾਂ ਇੱਕ ਦਿਨ ਮਜ਼ਦੂਰ ਨੂੰ ਹੀ ਆਪਣੇ ਹੱਕਾਂ ਲਈ ਵੱਡਾ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪਵੇਗਾ। ਫਿਰ ਇਹ ਮਜ਼ਦੂਰ ਕਦੀ ਮਜ਼ਬੂਰ ਨਹੀਂ ਰਹਿਣਗੇ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ



**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**Engineer Parminderjit Singh**
524, GMT Jalandhar
singh_parminderjit@yahoo.com
M.: 99153-57524

**Co-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Prof. Jaswant Singh Ph.D.**
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਸੰਗਰਾਂਦ - (੧ ਹਾੜ) 15-06-2019 (ਸ਼ਨੀਵਾਰ)
ਪੂਰਨਮਾਸ਼ੀ - (੩ ਹਾੜ) 17-06-2019 (ਸੋਮਵਾਰ)
ਮੱਸਿਆ - (੧੮ ਹਾੜ) 02-07-2019 (ਮੰਗਲਵਾਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 87 | ਮਈ - 2019



| | | |
|---|---|---|
| 1. | ਭਲੇ ਅਮਰਦਾਸ ਗੁਣ ਤੇਰੇ | 4 |
| 2. | ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ | 6 |
| 3. | ਜਪੁ ਜੀ ਦਾ ਪਉੜੀ-ਵਾਰ ਭਾਵ | 8 |
| 4. | ਸਤੀ ਪਹਿਰੀ ਸਤ ਭਲਾ | 10 |
| 5. | ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਪ੍ਰਮੁੱਖ ਸਹਿਯੋਗੀ | 13 |
| 6. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 14 |
| 7. | ਘੱਲੂਘਾਰਾ ਦਿਵਸ 'ਤੇ ਵਿਸ਼ੇਸ਼ | 17 |
| 8. | ਸਿੱਖ ਰਹਿਤ ਮਰਯਾਦਾ | 18 |
| 9. | ਸਿੱਖੀ ਨੂੰ ਵਡਮੁੱਲੀ ਸੇਧ ਦੇਣ ਵਾਲੇ ਸ੍ਰੀ ਗੁਰੂ ਅੰਗਦ ਦੇਵ | 20 |
| 10. | ਮਹਾਰਾਜੇ ਦੀਆਂ ਜਿੱਤਾਂ ਦੀ ਮਹੱਤਤਾ ਅਤੇ ਲੇਖਾ-ਜੋਖਾ | 21 |
| 11. | ਭਟਨੂਰੇ (ਜਲੰਧਰ) ਦਾ ਪੱਠੇਦਾਰ ਵਿਅਕਤੀ | 23 |
| 12. | ਆਓ ਜਾਣੀਏ ! | 25 |
| 13. | ਵਧ ਰਿਹਾ ਤਲਾਕ ਦਾ ਰੁਝਾਨ ਤੇ ਹੱਲ | 28 |
| 14. | ਬਾਬਾ ਦਲੀਪ ਸਿੰਘ ਯਾਦਗਾਰੀ ਸੀ. ਸੈਕੰ. ਸਕੂਲ ਨੰਗਲ..... | 30 |
| 15. | ਸ਼ੋਕ ਸਮਾਚਾਰ | 32 |
| 16. | ਕਾਵਿ-ਕਿਆਰੀ | 33 |
| 17. | ਸਿਹਤ ਸੰਭਾਲ | 34 |
| 18. | ਦਾਨੀ ਸੱਜਣਾਂ ਦੀ ਸੂਚੀ | 35 |
| 19. | Punjabi Students on the Move | 39 |
| 20. | Matrimonial | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।




**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਭਲੇ ਅਮਰਦਾਸ ਗੁਣ ਤੇਰੇ

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਦੇਸ਼-ਵਿਦੇਸ਼ ਵਿਚ ਵੱਖ-ਵੱਖ ਗੁਰੂ ਘਰਾਂ ਵਿਚ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼, ਸ੍ਰੀ ਤੇਜ ਭਾਨ ਜੀ ਭੱਲੇ ਖਤਰੀ ਦੇ ਘਰ ਮਾਤਾ ਲੱਖਮੀ (ਸੁਲੱਖਣੀ) ਜੀ ਦੀ ਕੁੱਖ ਤੋਂ ਮਿਤੀ 27 ਵਿਸਾਖ ਸੰਮਤ 1536 ਬਿਕਰਮੀ 1479ਈ. (ਵਿਸਾਖੀ ਸੁਦੀ ਚੌਦਸ) ਦਿਨ ਸ਼ੁੱਕਰਵਾਰ ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਇਸ ਵਾਰ ਪ੍ਰਕਾਸ਼ ਪੁਰਬ ਗੁਰੂ ਅਮਰਦਾਸ ਜੀ ਮਿਤੀ 9 ਮਈ 2017 ਨੂੰ ਬੜੀ ਸ਼ਰਧਾ ਨਾਲ ਮਨਾਇਆ ਗਿਆ।




ਸ੍ਰੀ ਗੁਰੂ ਅਮਰਦਾਸ ਜੀ ਦੇ ਤਿੰਨ ਹੋਰ ਛੋਟੇ ਭਰਾ ਸਨ, ਈਸ਼ਰ ਦਾਸ (ਭਾਈ ਗੁਰਦਾਸ ਜੀ ਦੇ ਪਿਤਾ), ਖੇਮ ਰਾਇ ਅਤੇ ਮਾਨਕ ਚੰਦ। ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਛੋਟੇ ਤਾਂ ਗੁਰੂ ਅੰਗਦ ਦੇਵ ਜੀ ਤੋਂ 25 ਸਾਲ ਵੱਡੇ ਸਨ। ਗੁਰੂ ਅਮਰਦਾਸ ਜੀ ਆਪਣੇ ਪਿਤਾ ਵਾਂਗ ਇਕਾਦਸ਼ੀ ਦਾ ਵਰਤ ਰੱਖਦੇ ਸੀ ਅਤੇ ਪਿੰਡ ਵਿੱਚ ਆਏ ਸਾਧੂ ਸੰਤਾਂ ਦੀ ਸੇਵਾ ਕਰਕੇ ਬਹੁਤ ਖੁਸ਼ ਹੁੰਦੇ ਸਨ। ਆਪ ਹਰ ਸਾਲ ਗੰਗਾ ਇਸ਼ਨਾਨ ਵਾਸਤੇ ਵੀ ਜਾਇਆ ਕਰਦੇ ਸਨ। ਇਹ ਯਾਤਰਾ ਕਰਦੇ ਇਕ ਵਾਰ ਆਪ ਅੰਬਾਲਾ ਨੇੜੇ ਕਿਸੇ ਥਾਂ 'ਤੇ ਠਹਿਰੇ ਤਾਂ ਇਕ ਸਾਥੀ ਪੰਡਿਤ ਨੇ ਪੁਛਿਆ ਕੁ ਤੁਹਾਡਾ ਗੁਰੂ ਕੌਣ ਹੈ? ਇਹ ਦੱਸਣ ਤੇ ਕਿ ਉਨ੍ਹਾਂ ਨੇ ਅਜੇ ਕੋਈ ਗੁਰੂ ਨਹੀਂ ਧਾਰਿਆ, ਪੰਡਿਤ ਨੇ ਸਾਥ ਛੱਡਦਿਆਂ ਕਿਹਾ 'ਨਿਗੁਰੇ' ਦਾ ਤਾਂ ਦਰਸ਼ਨ ਵੀ ਮਾੜਾ ਹੁੰਦਾ ਹੈ। ਉਸ ਦਿਨ ਤੋਂ ਆਪ ਜੀ ਦੇ ਮਨ ਵਿੱਚ ਗੁਰੂ ਦੀ ਖਿੱਚ ਪੈਦਾ ਹੋ ਗਈ।


**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
98152-69145




ਸ੍ਰੀ ਗੁਰੂ ਅਮਰਦਾਸ ਜੀ ਦਾ ਵਿਆਹ ਪਿੰਡ ਸੁਨਖਤਰਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਦੇਵੀ ਚੰਦ ਬਹਿਲ ਦੀ ਸਪੁੱਤਰੀ ਰਾਮ ਦੇਈ ਜੀ ਨਾਲ 1502 ਈ. 'ਚ ਹੋਇਆ। ਆਪ ਜੀ ਦੇ ਦੋ ਪੁੱਤਰ ਸਨ (ਮੋਹਣ ਤੇ ਮੋਹਰੀ ਜੀ) ਤੇ ਦੋ ਪੁੱਤਰੀਆਂ (ਬੀਬੀ ਦਾਨੀ ਤੇ ਬੀਬੀ ਭਾਨੀ ਜੀ) ਸਨ। ਗੁਰੂ ਅਮਰਦਾਸ ਜੀ ਸੱਚੇ-ਸੁੱਚੇ ਕਾਰੋਬਾਰੀ ਤੇ ਸਫਲ ਗ੍ਰਹਿਸਥੀ ਹੋਣ ਦੇ ਨਾਲ ਭਜਨ-ਬੰਦਗੀ, ਸਤਿਸੰਗ ਤੇ ਪਰਮਾਰਥ ਨਾਲ ਡੂੰਘੀ ਲਗਨ ਰੱਖਦੇ ਸਨ।

ਬੀਬੀ ਅਮਰੋ ਜੀ ਜੋ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸਨ, ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਭਰਾ ਦੇ ਬੇਟੇ ਨਾਲ ਵਿਆਹੀ ਹੋਈ ਸੀ, ਜੋ ਕਿ ਬਹੁਤ ਹੀ ਧਾਰਮਿਕ ਖਿਆਲਾਂ ਵਾਲੀ ਸੀ। ਨੇਮ ਅਨੁਸਾਰ ਇਕ ਦਿਨ ਬੀਬੀ ਅਮਰੋ ਜੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨ ਉਪ੍ਰੰਤ ਦੁੱਧ ਰਿੜਕ ਰਹੇ ਸਨ ਤੇ ਨਾਲ ਹੀ ਮਿਠੀ ਸੁਰ ਵਿੱਚ ਗੁਰਬਾਣੀ ਦਾ ਪਾਠ ਕਰ ਰਹੇ ਸਨ। ਜਿਸ ਸਮੇਂ ਹੇਠ ਲਿਖੀਆਂ ਗੁਰਬਾਣੀ ਦੀਆਂ ਪੰਗਤੀਆਂ ਦਾ ਉਚਾਰਣ ਕਰ ਰਹੇ ਸਨ:

**ਕਰਣੀ ਕਾਗਦੁ ਮਨੁ ਮਸਵਾਣੀ**
**ਬੁਰਾ ਭਲਾ ਦੁਇ ਲੇਖ ਪਏ ॥**
**ਜਿਉ ਜਿਉ ਕਿਰਤੁ ਚਲਾਏ**
**ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥**

**(ਅੰਗ -990)**

ਜਿਉਂ ਹੀ ਇਹ ਸ਼ੁੱਭ ਬੋਲ ਆਪ ਦੇ ਕੰਨੀਂ ਪਏ, ਆਪ ਦੇ ਹਿਰਦੇ ਵਿਚ ਧੂਹ ਪਈ ਅਤੇ ਜਾ ਕੇ ਬੀਬੀ ਅਮਰੋ ਨੂੰ ਪੁੱਛਿਆ ਕਿ ਇਹ ਕਿਸ ਦੀ ਬਾਣੀ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਪਾਵਨ ਬਾਣੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ, ਜਿਨ੍ਹਾਂ ਦੀ ਗੱਦੀ 'ਤੇ ਹੁਣ ਮੇਰੇ ਪਿਤਾ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਬਿਰਾਜਮਾਨ ਹਨ। ਆਪ ਨੇ ਉਸੇ ਸਮੇਂ ਖਿੱਚ ਖਾਧੀ ਅਤੇ ਬੀਬੀ ਨਾਲ ਦੂਸਰੇ ਪਾਤਸ਼ਾਹ ਜੀ ਦੇ ਦੀਦਾਰ ਨੂੰ ਚੱਲ ਪਏ। ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਦਿਆਂ ਹੀ ਉਨ੍ਹਾਂ ਦੇ ਅੰਦਰ ਠੰਢ ਵਰਤ ਗਈ ਅਤੇ ਉਹ ਗੁਰੂ ਚਰਨਾਂ ਨਾਲ ਲਿਪਟ ਗਏ। ਆਪ ਨੇ ਲਗਾਤਾਰ 12 ਸਾਲ ਗੁਰੂ ਦਰਬਾਰ ਵਿਚ ਗੁਰੂ ਸਾਹਿਬ ਅਤੇ ਸਾਧ ਸੰਗਤ ਦੀ ਅਨਥੱਕ ਸੇਵਾ ਕੀਤੀ। ਆਪ ਰੋਜ਼ ਗੁਰੂ ਸਾਹਿਬ ਦੇ ਇਸ਼ਨਾਨ ਅਤੇ ਲੰਗਰ ਲਈ ਬਿਆਸ ਦਰਿਆ ਤੋਂ ਜਲ ਲਿਆਉਂਦੇ ਸਨ। ਇਕ ਵਾਰ ਸਰਦੀਆਂ ਦੀ ਰਾਤ ਨੂੰ ਮੀਂਹ ਕਾਰਨ ਚਿੱਕੜ ਹੋਇਆ ਪਿਆ ਸੀ ਪਰ ਆਪ ਨੇ ਸੇਵਾ ਵਿਚ ਵਿਘਨ ਨਾ ਪਾਇਆ। ਸਿਰ ਉਤੇ ਪਾਣੀ ਦੀ ਗਾਗਰ ਚੁੱਕੀ 72 ਸਾਲ ਦੀ ਬਿਰਧ ਆਯੂ ਵਿਚ ਜਦੋਂ ਆਪ ਤੁਰੇ ਆ ਰਹੇ ਸਨ ਤਾਂ ਅਚਾਨਕ ਜੁਲਾਹੇ ਦੇ ਕਿੱਲੇ ਨਾਲ ਠੋਕਰ ਖਾ ਕੇ ਡਿੱਗ ਪਏ ਪਰ ਪਾਣੀ ਨਾ ਡੁੱਲ੍ਹਣ ਦਿੱਤਾ। ਜੁਲਾਹੀ ਨੇ ਆਪ ਨੂੰ ਨਿਥਾਵਾ ਕਹਿ ਕੇ ਟਕੋਰ ਮਾਰੀ। ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਆਪ ਦੀ ਮਹਾਨ ਘਾਲਣਾ ਨੂੰ ਦੇਖ ਕੇ ਤੁੱਠੇ ਅਤੇ ਆਪ ਨੂੰ 12 ਸ੍ਰੇਸ਼ਟ ਵਰ ਦੇ ਕੇ ਗਲ ਨਾਲ ਲਾਇਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਮਾਣ ਬਖਸ਼ਦਿਆਂ ਕਿਹਾ ਕਿ



ਗੁਰੂ ਅਮਰਦਾਸ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ, ਨਿਗੌਤਿਆਂ ਦੀ ਗੱਤ, ਨਿਪੌਤਿਆਂ ਦੀ ਪੱਤ ਆਦਿ। ਫਿਰ ਗੁਰੂ ਸਾਹਿਬ ਨੇ ਆਪ ਜੀ ਨੂੰ ਗੋਇੰਦਵਾਲ ਨਗਰ ਵਸਾਉਣ ਦੀ ਆਗਿਆ ਦਿੱਤੀ। ਜੋਤੀ ਜੋਤਿ ਸਮਾਉਣ ਸਮੇਂ ਦੂਸਰੇ ਪਾਤਸ਼ਾਹ ਨੇ ਆਪ ਨੂੰ ਗੁਰਗੱਦੀ ਸੌਂਪ ਕੇ ਗੁਰੂ ਅਮਰਦਾਸ ਜੀ ਥਾਪ ਦਿੱਤਾ। ਆਪ ਨੇ 1552 ਈ: ਤੋਂ 1574 ਈ: ਤੱਕ 22 ਸਾਲ, 5 ਮਹੀਨੇ ਅਤੇ 11 ਦਿਨ ਗੁਰਿਆਈ ਕੀਤੀ ਅਤੇ ਅਨੇਕਾਂ ਮਹੱਤਵਪੂਰਨ ਕਾਰਜ ਕੀਤੇ ਜੋ ਆਪਣੀ ਮਿਸਾਲ ਆਪ ਹਨ।

ਆਪ ਨੇ ਦਰਿਆ ਬਿਆਸ ਦੇ ਕਿਨਾਰੇ ਇਕ ਸਾਫ਼-ਸੁਥਰੇ ਸੁੰਦਰ ਨਗਰ ਗੋਇੰਦਵਾਲ ਸਾਹਿਬ ਨੂੰ ਵਸਾ ਕੇ ਇਥੇ 84 ਪੌੜੀਆਂ ਵਾਲੀ ਬਾਉਲੀ ਸਾਹਿਬ ਬਣਵਾਈ। ਗੋਇੰਦਵਾਲ ਸਾਹਿਬ ਸਿੱਖ ਜਗਤ ਦਾ ਪ੍ਰਥਮ ਤੀਰਥ ਅਸਥਾਨ ਅਤੇ ਸਿੱਖੀ ਦਾ ਕੇਂਦਰ ਬਣਿਆ। ਆਪ ਦੇ ਆਦੇਸ਼ ਅਨੁਸਾਰ ਇਥੇ ਹਰ ਰੋਜ਼ ਤਾਜ਼ਾ ਲੰਗਰ ਤਿਆਰ ਹੁੰਦਾ ਸੀ। ਬਲਵਾਨ ਆਤਮਾ, ਬਲਵਾਨ ਮਾਨਸਿਕਤਾ ਅਤੇ ਬਲਵਾਨ ਸਰੀਰਾਂ ਦੇ ਨੇੜੇ ਰੋਗ, ਸੋਗ ਢੁਕ ਨਹੀਂ ਸਕਦੇ। ਸ੍ਰੀ ਗੋਇੰਦਵਾਲ ਸਾਹਿਬ ਦੀ ਸ਼ੋਭਾ ਬਾਬਤ ਭਾਈ ਗੁਰਦਾਸ ਲਿਖਦੇ ਹਨ-

**ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।**

ਸ੍ਰੀ ਗੋਇੰਦਵਾਲ ਅਤੇ ਬਾਉਲੀ ਸਾਹਿਬ ਦਾ ਨਿਰਮਾਣ ਕਰਕੇ ਆਪ ਨੇ ਇਕ ਮਹਾਨ ਸਿੱਖ ਕੇਂਦਰ ਸਥਾਪਿਤ ਕੀਤਾ। ਆਪ ਨੇ ਹੁਕਮ ਕੀਤਾ ਕਿ ਉਨ੍ਹਾਂ ਨੂੰ ਮਿਲਣ ਆਉਣ ਤੋਂ ਪਹਿਲਾਂ ਹਰ ਇਕ ਦਾ ਲੰਗਰ ਛਕਣਾ ਜ਼ਰੂਰੀ ਹੈ। ਗੁਰੂ ਕੇ ਲੰਗਰ ਵਿਚ ਸਭ ਜਾਤਾਂ ਅਤੇ ਵਰਣਾਂ ਦੇ ਲੋਕ ਬਿਨਾਂ ਕਿਸੇ ਭੇਦ ਭਾਵ ਦੇ ਇਕ ਪੰਗਤ ਵਿਚ ਬੈਠ ਕੇ ਛਕਦੇ ਸਨ। ਇਕ ਵਾਰ ਅਕਬਰ ਬਾਦਸ਼ਾਹ ਵੀ ਨੰਗੇ ਪੈਰੀਂ ਚੱਲ ਕੇ ਗੁਰੂ ਦਰਬਾਰ ਵਿਚ ਆਇਆ ਅਤੇ ਸ਼ਰਧਾ ਸਹਿਤ ਲੰਗਰ ਛਕ ਕੇ ਗੁਰੂ ਜੀ ਦੇ ਦਰਸ਼ਨ ਕੀਤੇ।


ਗੁਰੂ ਸਾਹਿਬ ਜੀ ਨੇ ਵਿਸਾਖੀ ਮੌਕੇ ਸੰਗਤਾਂ ਨੂੰ ਸ੍ਰੀ ਗੋਇੰਦਵਾਲ ਸਾਹਿਬ ਇਕੱਠੇ ਹੋਣ ਦਾ ਆਦੇਸ਼ ਦਿੱਤਾ। ਆਪ ਨੇ ਉੱਚੀ ਕਰਨੀ ਵਾਲੇ ਗੁਰਸਿੱਖਾਂ ਨੂੰ ਪ੍ਰਚਾਰਕ ਥਾਪ ਕੇ ਦੂਰ ਦੁਰੇਡੇ ਥਾਵਾਂ 'ਤੇ ਗੁਰਮਤਿ ਦੇ ਅਸੂਲਾਂ ਦਾ ਪਸਾਰ ਕਰਨ ਲਈ ਭੇਜਿਆ। ਇਨ੍ਹਾਂ ਉੱਤਮ ਬਾਈ ਮੰਜੀਦਾਰਾਂ ਦੇ ਨਾਂਅ ਸ੍ਰੀ ਗੋਇੰਦਵਾਲ ਸਾਹਿਬ ਵਿਚ ਇਕ ਸੋਨੇ ਦੇ ਪੱਤਰੇ ਉੱਤੇ ਲਿਖੇ ਹੋਏ ਹਨ ਜੋ ਇਸ ਪ੍ਰਕਾਰ ਹਨ-ਅੱਲਾਯਾਰ, ਸੱਚਨ ਸੱਚ, ਸਾਧਾਰਣ, ਸਾਵਣ ਮੱਲ, ਸੁੱਖਣ, ਹੰਦਾਲ, ਕੇਦਾਰੀ, ਖੇਡਾ, ਗੰਗੂਸ਼ਾਹ, ਦਰਬਾਰੀ, ਪਾਰੋ, ਫੇਰਾ, ਬੂਆ, ਬੇਣੀ, ਮਹੇਸ਼ਾ, ਮਾਣਕਚੰਦ, ਮਾਈਦਾਸ, ਮੁਰਾਰੀ, ਰਾਜਾਰਾਮ, ਰੰਗਸ਼ਾਹ, ਰੰਗਦਾਸ ਅਤੇ ਲਾਲੋ। ਇਨ੍ਹਾਂ ਵਿਚੋਂ ਮੁਰਾਰੀ ਦਾ ਪਹਿਲਾ ਨਾਂਅ ਪ੍ਰੇਮਾ ਸੀ ਅਤੇ ਉਹ ਕੁਸ਼ਟ ਰੋਗ ਨਾਲ ਪੀੜਤ ਸੀ। ਤੀਸਰੇ ਪਾਤਸ਼ਾਹ ਜੀ ਨੇ ਉਸ ਦਾ ਰੋਗ ਦੂਰ ਕਰਕੇ ਉਸ ਦਾ ਨਾਂਅ ਮੁਰਾਰੀ ਰੱਖਿਆ ਅਤੇ ਸ਼ੀਹਾਂ ਉੱਪਲ ਨਾਮੀ ਸਿੱਖ ਦੀ ਲੜਕੀ ਨਾਲ ਉਸ ਦਾ ਵਿਆਹ ਕਰਕੇ 'ਮੱਥੋ ਮੁਰਾਰੀ' ਦੀ ਜੋੜੀ ਨੂੰ ਵਿਸ਼ੇਸ਼ ਅਸੀਸਾਂ ਨਾਲ ਨਿਵਾਜਿਆ।

ਆਪ ਨੇ ਸਤੀ ਪ੍ਰਥਾ ਅਤੇ ਪਰਦੇ ਦੀ ਰਸਮ ਦੂਰ ਕੀਤੀ। ਆਪ ਦੀ ਭਗਤੀ ਅਤੇ ਸਿੱਖਿਆ ਦਾ ਪ੍ਰਕਾਸ਼ ਦੂਰ-ਦੂਰ ਤੱਕ ਫੈਲ ਗਿਆ। ਆਪ ਨੇ ਪਰਉਪਕਾਰ, ਨੇਕੀ, ਮਿਠਾਸ ਅਤੇ ਪ੍ਰੇਮ ਭਗਤੀ ਦਾ ਉਪਦੇਸ਼ ਦਿੱਤਾ। ਆਪ ਸਹਿਣਸ਼ੀਲਤਾ, ਖਿਮਾ, ਕਰੁਣਾ ਅਤੇ ਨਿਰਮਾਣਤਾ ਦੀ ਤਸਵੀਰ ਸਨ। ਆਪ ਦੀ ਮਹਿਮਾ ਨੂੰ ਬਰਦਾਸ਼ਤ ਨਾ ਕਰਦੇ ਹੋਏ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਭਾਈ ਦਾਤੂ ਨੇ ਇਕ ਵਾਰ ਭਰੀ ਸਭਾ ਵਿਚ ਆ ਕੇ ਆਪ ਦੇ ਬਿਰਧ ਸਰੀਰ ਨੂੰ ਲੱਤ ਮਾਰੀ। ਆਪ ਕੰਬਦੇ ਹੋਏ ਸਿੰਘਾਸਣ ਤੋਂ ਡਿੱਗ ਪਏ ਅਤੇ ਕਿਹਾ ਕਿ ਮੇਰਾ ਸਰੀਰ ਤਾਂ ਬਜ਼ੁਰਗੀ ਅਤੇ ਕਠਿਨ ਘਾਲਣਾ ਕਰਕੇ ਸਖ਼ਤ ਹੋਇਆ ਪਿਆ ਹੈ, ਤੁਹਾਡੇ ਕੋਮਲ ਚਰਨ ਨੂੰ ਮੇਰੇ ਸਰੀਰ ਨਾਲ ਟਕਰਾ ਕੇ ਸੱਟ ਵੱਜੀ ਹੋਣੀ ਹੈ। ਇਹ ਸ਼ਬਦ ਸੁਣ ਕੇ ਭਾਈ ਦਾਤੂ ਜੀ ਸ਼ਰਮਿੰਦੇ ਹੋਏ ਅਤੇ ਚਰਨਾਂ ਵਿਚ ਡਿੱਗ ਕੇ ਮੁਆਫ਼ੀ ਮੰਗੀ। ਉਸੇ ਰਾਤ ਆਪ ਬਾਸਰਕੇ ਵਿਖੇ ਇਕ ਇਕਾਂਤ ਕੋਠੇ ਵਿਚ ਜਾ ਬਿਰਾਜੇ ਅਤੇ ਦਰਵਾਜ਼ੇ 'ਤੇ ਲਿਖ ਕੇ ਲਗਾ ਦਿੱਤਾ ਕਿ ਜੋ ਵੀ ਇਥੇ ਆ ਕੇ ਦਰਵਾਜ਼ਾ ਖੋਲ੍ਹੇਗਾ, ਮੈਂ ਲੋਕ ਪਰਲੋਕ ਵਿਚ ਉਸ ਦਾ ਸਹਾਈ ਨਹੀਂ ਹੋਵਾਂਗਾ। ਸੰਗਤਾਂ ਦੀ ਬਿਹਬਲਤਾ ਦੇਖਦੇ ਹੋਏ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਦੀ ਘੋੜੀ ਨੂੰ ਅੱਗੇ ਲਾ ਕੇ ਉਹ ਇਕਾਂਤ ਥਾਂ ਲੱਭ ਲਿਆ ਪਰ ਗੁਰੂ ਦਾ ਹੁਕਮ ਦੇਖ ਕੇ ਠਠੰਬਰ ਗਏ। ਫਿਰ ਆਪ ਨੇ ਇਕ ਜੁਗਤ ਵਰਤੀ ਅਤੇ ਕੋਠੇ ਦੇ ਪਿਛਲੇ ਪਾਸੇ ਸੰਨ੍ਹ ਲਾ ਕੇ ਅੰਦਰ ਗਏ ਅਤੇ ਮਹਾਰਾਜ ਜੀ ਨੂੰ ਦਰਸ਼ਨ ਦੇਣ ਦੀ ਬੇਨਤੀ ਕੀਤੀ। ਦਯਾਵਾਨ ਪਾਤਸ਼ਾਹ ਜੀ ਨੇ ਪਸੀਜ ਕੇ ਸੰਗਤ ਨੂੰ ਦਰਸ਼ਨ ਦਿੱਤੇ ਅਤੇ ਵਰ ਦਿੱਤਾ ਕਿ ਜੋ ਕੋਈ ਸ਼ਰਧਾ ਧਾਰ ਕੇ ਇਸ ਸੰਨ੍ਹ ਵਿਚੋਂ ਲੰਘੇਗਾ, ਉਸ ਨੂੰ ਜਮ ਨਹੀਂ ਦੇਖ ਸਕਣਗੇ। ਅੱਜ ਵੀ ਇਸ ਅਸਥਾਨ 'ਤੇ ਗੁਰਦੁਆਰਾ ਸੰਨ੍ਹ ਸਾਹਿਬ ਸੁਸ਼ੋਭਿਤ ਹੈ।

ਸਾਹਿਬ ਸ੍ਰੀ ਗੁਰੂ ਅਮਰਦਾਸ ਨੇ 'ਕੱਚੀ ਬਾਣੀ' ਅਤੇ 'ਸੱਚੀ ਬਾਣੀ' ਦਾ ਨਿਖੇੜਾ ਕੀਤਾ, ਊਚ ਨੀਚ ਅਤੇ ਛੂਤਛਾਤ ਦਾ ਖ਼ਾਤਮਾ ਕੀਤਾ, ਗ੍ਰਹਿਸਥ ਧਰਮ ਨੂੰ ਪ੍ਰਧਾਨਤਾ ਦਿੱਤੀ, ਸੰਨਿਆਸੀਆਂ, ਦਿਗੰਬਰਾਂ ਅਤੇ ਕਰਮਕਾਂਡੀਆਂ ਨੂੰ ਨਾਮ ਬਾਣੀ ਅਤੇ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਸ੍ਰੀ ਆਨੰਦ ਸਾਹਿਬ ਦੀ ਬਾਣੀ ਆਪ ਜੀ ਦੀ ਸ਼ਾਹਕਾਰ ਰਚਨਾ ਹੈ, ਜਿਸ ਨੂੰ ਜਨਮ, ਮਰਨ, ਵਿਆਹ ਭਾਵ ਹਰ ਖ਼ੁਸ਼ੀ-ਗ਼ਮੀ ਦੇ ਮੌਕੇ 'ਤੇ ਪੜ੍ਹਿਆ ਜਾਂਦਾ ਹੈ। ਯੋਗ ਪਰਖ ਕਰਨ ਉਪਰੰਤ ਆਪ ਨੇ ਗੁਰਗੱਦੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਬਖ਼ਸ਼ੀ ਅਤੇ ਭਾਦਰੋਂ ਦੀ ਪੂਰਨਮਾਸ਼ੀ 1 ਸਤੰਬਰ, 1574 ਈ: ਨੂੰ ਜੋਤੀ ਜੋਤਿ ਸਮਾ ਗਏ।

# ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ

ਰੂਪ ਸਿੰਘ, ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ



ਨਿਵਾਸ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ।

## ਗੁਰਦੁਆਰਾ ਬਾਉਲੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ (ਲਾਹੌਰ)

ਇਹ ਗੁਰਦੁਆਰਾ ਲਾਹੌਰ ਸ਼ਹਿਰ ਦੇ ਵਿਚਕਾਰ ਪ੍ਰਸਿੱਧ ਵਪਾਰ ਮੰਡੀ ਡੱਬੀ ਬਜ਼ਾਰ ਵਿਚ ਹੈ। ਇਸ ਗੁਰਦੁਆਰੇ ਦੀ ਇਕ ਬਾਹੀ ਡੱਬੀ ਬਜ਼ਾਰ, ਦੂਜੀ ਲੋਹਾ ਬਜ਼ਾਰ, ਤੀਜੀ ਕਸੇਰਾ ਬਜ਼ਾਰ ਅਤੇ ਚੌਥੀ ਗੁਰੂ ਬਜ਼ਾਰ ਨਾਲ ਜੁੜਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਜਦ ਲਾਹੌਰ ਆਇਆ ਕਰਦੇ ਸਨ ਤਾਂ ਆਮ



ਕਰਕੇ ਇਥੇ ਹੀ ਨਿਵਾਸ ਕਰਦੇ। ਗੁਰੂ ਅਰਜਨ ਦੇਵ ਜੀ ਨੇ ਇਥੇ ਬਾਉਲੀ ਦਾ ਨਿਰਮਾਣ ਕਰਵਾਇਆ।

1599 ਈ. ਵਿਚ ਗੁਰੂ ਅਰਜਨ ਦੇਵ ਜੀ ਮਾਨਵਤਾ ਦਾ ਪਾਰ-ਉਤਾਰਾ ਕਰਦੇ ਲਾਹੌਰ ਆਏ ਤਾਂ ਭਾਈ ਛੱਜੂ ਭਗਤ ਜੀ ਇਕ ਪਠਾਣ ਦੇ ਨਾਲ ਗੁਰੂ-ਚਰਨਾਂ ਵਿਚ ਹਾਜ਼ਰ ਹਏ ਅਤੇ 282 ਮੋਹਰਾਂ ਦੀ ਇਕ ਥੈਲੀ ਗੁਰੂ-ਚਰਨਾਂ 'ਚ ਰੱਖ ਕੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ, ਇਸ ਨੂੰ ਧਰਮ-ਅਰਥ ਕਾਰਜ ਹਿਤ ਖਰਚ ਲਵੋ।' ਗੁਰੂ ਜੀ ਨੇ ਪੁੱਛਿਆ ਕਿ ਇਹ ਮਾਇਆ ਕਿਥੋਂ ਆਈ ਹੈ? ਭਗਤ ਜੀ ਨੇ ਵਾਰਤਾ ਸੁਣਾਈ, "ਕੁਝ ਸਮੇਂ ਦੀ ਗੱਲ ਹੈ ਕਿ ਮੇਰਾ ਸਾਥੀ ਪਠਾਣ ਮੇਰੇ ਪਾਸ ਮੋਹਰਾਂ ਦੀ ਥੈਲੀ ਅਮਾਨਤ ਵਜੋਂ ਰੱਖ ਗਿਆ। ਮੁਨੀਮ ਪਾਸ ਨਾ ਹੋਣ ਕਰਕੇ, ਰਕਮ ਵਹੀ-ਖਾਤੇ ਵਿਚ ਦਰਜ ਨਾ ਹੋ ਸਕੀ। ਸਮਾਂ ਬੀਤਣ ਨਾਲ ਮੈਨੂੰ ਚੇਤਾ ਭੁੱਲ ਗਿਆ। ਜਦ ਪਠਾਣ ਨੇ ਪੈਸਿਆਂ ਦੀ ਮੰਗ ਕੀਤੀ, ਮੈਂ ਇਨਕਾਰ ਕਰ ਦਿੱਤਾ ਕਿਉਂਕਿ ਵਹੀ ਵਿਚ ਦਰਜ ਨਹੀਂ ਸਨ। ਮੁਕੱਦਮਾ ਹਾਕਮ ਪਾਸ ਗਿਆ, ਜਿਥੇ ਪਠਾਣ ਹਾਰ ਗਿਆ, ਪਰ ਜਦ ਦੀਵਾਲੀ ਦੇ ਸਮੇਂ ਸਾਰੀ ਦੁਕਾਨ ਦੀ ਸਫ਼ਾਈ ਕੀਤੀ ਤਾਂ ਮੋਹਰਾਂ ਦੀ ਥੈਲੀ ਮਿਲ ਗਈ। ਮੈਂ ਆਪਣੇ ਪਾਸੋਂ ਸੌ ਰੁਪਏ ਹੋਰ ਪਾਏ ਤੇ ਪਠਾਣ ਪਾਸੋਂ ਭੁੱਲ ਦੀ ਮੁਆਫ਼ੀ ਮੰਗਦਿਆਂ ਥੈਲੀ ਵਾਪਸ ਦੇਣੀ ਚਾਹੀ, ਪਰ ਪਠਾਣ ਨੇ ਇਨਕਾਰ

ਕਰ ਦਿੱਤਾ ਕਿਉਂਕਿ ਉਹ ਮੁਕੱਦਮਾ ਹਾਰ ਚੁੱਕਾ ਸੀ। ਇਹ ਰਕਮ ਮੇਰੀ ਵੀ ਨਹੀਂ। ਇਸ ਲਈ ਅਸੀਂ ਇਹ ਮਾਇਆ ਗੁਰੂ-ਦਰਬਾਰ ਵਿਚ ਹਾਜ਼ਰ ਕਰਨ ਆਏ ਹਾਂ। ਗੁਰੂ ਜੀ ਦੋਹਾਂ ਦੀ ਇਮਾਨਦਾਰੀ ’ਤੇ ਖੁਸ਼ ਹੋਏ ਤੇ ਇਸ ਅਸਥਾਨ ’ਤੇ ਬਾਉਲੀ ਦਾ ਨਿਰਮਾਣ ਸ਼ੁਰੂ ਕਰ ਦਿੱਤਾ।

ਦੀਵਾਨ ਜਸਪਤ ਰਾਏ ਦੇ ਕਹਿਣ ’ਤੇ ਇਹ ਧਰਮ-ਮੰਦਰ ਗਿਰਾ ਦਿੱਤਾ ਗਿਆ ਤੇ ਇਸ ਥਾਂ ਮਕਾਨ ਉਸਾਰੇ ਗਏ। ਮਹਾਰਾਜਾ ਰਣਜੀਤ ਸਿੰਘ ਨੇ 1834 ਈ. ਵਿਚ ਇਸ ਅਸਥਾਨ ਦੀ ਸੇਵਾ ਕਰਵਾਈ ਤੇ ਨਵੀਂ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਸਰੋਵਰ ਬਣਵਾਇਆ। ਲੰਗਰ ਆਦਿ ਦਾ ਖਰਚ ਚਲਾਉਣ ਲਈ ਚਾਰ-ਚੁਫੇਰੇ ਦੁਕਾਨਾਂ ਬਣਵਾਈਆਂ। ਬਾਉਲੀ ਦੇ ਪਾਸ ਯਾਦਗਾਰੀ ਦਰਵਾਜ਼ਾ ਬਣਵਾਇਆ। ਇਸ ਅਸਥਾਨ ਦੀ ਸੇਵਾ ਭਾਈ ਨਿਹਾਲ ਸਿੰਘ ਨੂੰ ਸੌਂਪੀ ਗਈ।

1903 ਈ. ਵਿਚ ਸ੍ਰੀ ਗੁਰੂ ਸਿੰਘ ਸਭਾ, ਲਾਹੌਰ ਨੇ ਇਥੇ ਹਫ਼ਤਾ ਵਾਰੀ ਦੀਵਾਨ ਲਗਾਉਣੇ ਸ਼ੁਰੂ ਕੀਤੇ। 1911 ਈ. ਵਿਚ ਸੰਤ ਅਤਰ ਸਿੰਘ ਜੀ ਗੁਰ-ਅਸਥਾਨ ਦੇ ਦਰਸਨਾਂ ਲਈ ਗਏ ਤਾਂ ਉਨ੍ਹਾਂ ਗੁਰਦੁਆਰਾ ਸਾਹਿਬ ਵਿਚ ‘ਆਸਾ ਦੀ ਵਾਰ’ ਦਾ ਕੀਰਤਨ ਰੋਜ਼ਾਨਾ ਕਰਨਾ ਅਰੰਭਿਆ। 1927 ਈ. ਵਿਚ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਪਾਸ ਆ ਗਿਆ, ਪਰ ਗੁਰਪੁਰਬਾਂ ਦੇ ਦੀਵਾਨ ਸਿੰਘ ਸਭਾ, ਲਾਹੌਰ ਹੀ ਕਰਵਾਉਂਦੀ ਰਹੀ। ਹਿੰਦੁਸਤਾਨ ਦੀ ਵੰਡ ਵੇਲੇ 11 ਅਗਸਤ 1947 ਨੂੰ ਭਾਈ ਦਲੀਪ ਸਿੰਘ ਗੁਰਦੁਆਰੇ ਦੀ ਪਵਿੱਤਰਤਾ ਲਈ ਸ਼ਹੀਦੀ ਪਾ ਗਏ।


## ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ (ਲਾਹੌਰ)

ਗੁਰਦੁਆਰਾ ਡੇਹਰਾ ਸਾਹਿਬ, ਸ਼ਾਹੀ ਕਿਲ੍ਹੇ ਲਾਹੌਰ ਦੇ ਬਿਲਕੁਲ ਸਾਹਮਣੇ ਤੇ ਸ਼ਾਹੀ ਮਸਜਿਦ ਦੇ ਨਜ਼ਦੀਕ ਹੈ। ਇਸ ਅਸਥਾਨ ’ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੇਗ ਵਿਚ ਉਬਾਲਣ, ਤੱਤੀ ਤਵੀ ’ਤੇ ਬਿਠਾਉਣ ਅਤੇ ਤੱਤੀ ਰੇਤਾ ਸੀਸ ਉੱਪਰ ਪਾਉਣ ਉਪਰੰਤ ਹੋਰ ਤਸੀਹੇ ਦੇਣ ਲਈ ਰਾਵੀ ਦੇ ਠੰਡੇ ਪਾਣੀ ਵਿਚ ਸੁਟਵਾ ਦਿੱਤਾ ਗਿਆ।

ਉਸ ਸਮੇਂ ਰਾਵੀ ਕਿਲ੍ਹੇ ਦੀ ਦੀਵਾਰ ਨਾਲ ਵਗਦੀ ਹੁੰਦੀ ਸੀ। ਗੁਰੂ ਜੀ ਅਕਹਿ ਤੇ ਅਸਹਿ ਕਸ਼ਟ ਸਹਾਰਦੇ ਹੋਏ 30 ਮਈ, 1606 ਈ. ਨੂੰ ਸ਼ਹੀਦੀ ਪ੍ਰਾਪਤ ਕਰ ਗਏ।

1619 ਈ. ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਗੁਰ-ਅਸਥਾਨਾਂ ਦੇ ਦਰਸ਼ਨਾਂ ਨੂੰ ਆਏ ਤਾਂ ਆਪ ਨੇ ਸ਼ਹੀਦੀ ਅਸਥਾਨ ’ਤੇ ਯਾਦਗਾਰੀ ਥੜ੍ਹਾ ਤਿਆਰ ਕਰਵਾਇਆ। ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਦੁਆਰੇ ਦੀ ਨਵ-ਉਸਾਰੀ ਕਰਵਾਈ ਪਰ ਗੁਰਦੁਆਰੇ ਦੀ ਇਮਾਰਤ ਛੋਟੀ ਹੀ ਰਹੀ। ਪਹਿਲਾਂ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਕੋਈ ਵੱਡਾ ਹਾਲ ਕਮਰਾ ਨਹੀਂ ਸੀ। 1909 ਈ. ਨੂੰ ਪ੍ਰਕਾਸ਼ ਅਸਥਾਨ ਲਈ ਮੌਜੂਦਾ ਹਾਲ ਤਿਆਰ ਹੋਣਾ ਸ਼ੁਰੂ ਹੋਇਆ। ਰੋਜ਼ਾਨਾ ਦੀਵਾਨ ਦਾ ਪ੍ਰਬੰਧ ਹੋਇਆ। ਯਾਤਰੂਆਂ ਦੀ ਰਿਹਾਇਸ਼ ਲਈ ਇਕ ਸਰਾਂ ਬਣਾਈ ਗਈ। ਗੁਰਦੁਆਰੇ ਦਾ ਪ੍ਰਵੇਸ਼-ਮਾਰਗ ਸੰਗਮਰਮਰ ਦਾ ਬਣਿਆ ਹੋਇਆ ਹੈ। ਗੁਰਦੁਆਰੇ ਦੇ ਨਾਲ ਹੀ ਨਿਸ਼ਾਨ ਸਾਹਿਬ ਹੈ। ਗੁਰਦੁਆਰੇ ਅੰਦਰ ਵਰਗਾਕਾਰ ਬਰਾਂਡਾ ਹੈ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ 1925 ਈ. ਵਿਚ ਇਸ ਗੁਰਦੁਆਰੇ ਦੇ ਪ੍ਰਬੰਧ ਲਈ ਸ਼੍ਰੋਮਣੀ ਕਮੇਟੀ ਨੇ ਇਕ ਲੋਕਲ ਕਮੇਟੀ ਬਣਾਈ। 1927 ਈ. ਵਿਚ ਇਸ ਗੁਰਦੁਆਰੇ ਦਾ ਪ੍ਰਬੰਧ ਵੀ ਸ਼੍ਰੋਮਣੀ ਕਮੇਟੀ ਨੇ ਆਪ ਸੰਭਾਲ ਲਿਆ। 21 ਅਪ੍ਰੈਲ 1930 ਈ. ਵਿਚ ਇਸ ਗੁਰਦੁਆਰੇ ਦੀ ਸੇਵਾ ਫਿਰ ਆਰੰਭ ਹੋਈ ਜੋ 9 ਸਤੰਬਰ 1934 ਈ. ਨੂੰ ਸੰਪੂਰਨ ਹੋਈ। ਗੁੰਬਦਾਂ ਉੱਪਰ ਸੋਨਾ ਚੜ੍ਹਾਇਆ ਗਿਆ। ਗੁਰਦੁਆਰੇ ਦੇ ਦੋਹੀਂ ਪਾਸੀਂ ਥਾਂ ਕੱਚੀ ਸੀ, ਜੋ ਪੱਕੀ ਕੀਤੀ ਗਈ। ਰੋਜ਼ਾਨਾ ਦੀਵਾਨ ਵਿਚ ਰੌਣਕਾਂ ਵਧ ਗਈਆਂ। ਹਾਲ ਨੂੰ ਹੋਰ ਵੱਡਾ ਕਰਨ ਦੀ ਸਕੀਮ ਬਣੀ ਸੀ ਜੋ ਦੇਸ਼ ਦੀ ਵੰਡ ਕਰਕੇ ਵਿਚ ਹੀ ਰਹਿ ਗਈ। 9 ਸਤੰਬਰ, 1947 ਨੂੰ ਇਹ ਗੁਰਦੁਆਰਾ ਵੀ ਸਿੰਘਾਂ ਨੂੰ ਛੱਡਣਾ ਪਿਆ। ਗੁਰਦੁਆਰਾ ਡੇਹਰਾ ਸਾਹਿਬ ਵਿਚ ਹੁਣ ਵੀ ਰੋਜ਼ਾਨਾ ਪ੍ਰਕਾਸ਼ ਹੁੰਦਾ ਹੈ। ਦੋ ਸਿੰਘ ਗੁਰਦੁਆਰੇ ਦੀ ਸੇਵਾ-ਸੰਭਾਲ ਕਰਦੇ ਹਨ, ਜੋ ਵਕਫ਼ ਬੋਰਡ ਦੇ ਮੁਲਾਜ਼ਮ ਹਨ। ਹਰ ਸਾਲ ਸ਼ਹੀਦੀ ਜੋੜ ਮੇਲੇ ’ਤੇ ਸਿੱਖ ਯਾਤਰੂਆਂ ਦਾ ਇਕ ਜਥਾ ਦਰਸ਼ਨ ਕਰਨ ਤੇ ਸ਼ਰਧਾ ਦੇ ਫੁੱਲ ਭੇਟ ਕਰਨ ਜਾਂਦਾ ਹੈ।



**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਜਪੁ ਜੀ ਦਾ ਪਉੜੀ-ਵਾਰ ਭਾਵ

ਪ੍ਰੋ. ਸਾਹਿਬ ਸਿੰਘ

**ਪ੍ਰ. ਇਸ ਬਾਣੀ ਦਾ ਨਾਮ 'ਜਪੁ' ਕਿਉਂ ਰੱਖਿਆ ਗਿਆ? ਗੁਰੂ ਅਰਜਨ ਸਾਹਿਬ ਨੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਕਿਉਂ ਦਰਜ ਕੀਤਾ? ਇਸ ਦਾ ਪਾਠ ਕਿਉਂ ਹਰ ਰੋਜ਼ ਕਰਨਾ ਹੈ?**

**ਉ**. (੧) ਇਸ ਬਾਣੀ ਦੀ ਪਹਿਲੀ ਹੀ ਪਉੜੀ ਵਿਚ ਪ੍ਰਸ਼ਨ ਹੈ ਕਿ ਜੀਵ ਦੀ ਪਰਮਾਤਮਾ ਨਾਲੋਂ ਵਿੱਥ ਕਿਵੇਂ ਦੂਰ ਹੋ ਸਕਦੀ ਹੈ। ਇਸ ਦਾ ਉੱਤਰ ਇਹ ਦਿੱਤਾ ਗਿਆ ਹੈ ਕਿ ਪ੍ਰਭੂ ਦੀ ਰਜ਼ਾ ਵਿਚ ਤੁਰਿਆਂ ਪ੍ਰਭੂ ਨਾਲੋਂ ਵਿੱਥ ਮਿਟ ਸਕਦੀ ਹੈ। ਪ੍ਰਭੂ ਦੀ ਰਜ਼ਾ ਕਿਵੇਂ ਮਿੱਠੀ ਲੱਗੇ? ਪ੍ਰਭੂ ਦਾ ਸਿਮਰਨ ਕਰਨ ਨਾਲ; ਜਿਉਂ ਜਿਉਂ ਜੀਵ ਪ੍ਰਭੂ ਨੂੰ ਯਾਦ ਕਰਦਾ ਹੈ, ਤਿਉਂ ਤਿਉਂ ਉਸ ਨਾਲ ਜੀਵ ਦਾ ਪਿਆਰ ਬਣਦਾ ਹੈ ਤੇ ਪਿਆਰ ਦੀ ਬਰਕਤਿ ਨਾਲ ਉਸ ਦੇ ਕੀਤੇ ਕੰਮ ਚੰਗੇ ਲੱਗਣ ਲੱਗ ਪੈਂਦੇ ਹਨ, ਉਸ ਦੀ ਰਜ਼ਾ ਮਿੱਠੀ ਲੱਗਦੀ ਹੈ। ਸੋ 'ਸਿਮਰਨ' ਜਾਂ 'ਜਪੁ' ਹੀ ਇਕ ਐਸਾ ਵਸੀਲਾ ਹੈ, ਜੋ ਜੀਵ ਦੀ ਪ੍ਰਭੂ ਨਾਲੋਂ ਵਿੱਥ ਮਿਟਾ ਸਕਦਾ ਹੈ। ਇਸ ਸਾਰੀ ਬਾਣੀ ਵਿਚ ਸਿਰਫ਼ ਇਹੀ ਵਿਚਾਰ ਹੈ ਕਿ ਦਾਨ-ਪੁੰਨ, ਤੀਰਥ-ਯਾਤਰਾ, ਪ੍ਰਾਣਾਯਾਮ, ਜਗਤ-ਰਚਨਾ ਬਾਰੇ ਵਿਚਾਰ, ਜੋਗ ਦੇ ਖਿੰਥਾ ਮੁੰਦ੍ਰਾ ਆਦਿਕ ਚਿੰਨ੍ਹ-ਇਹਨਾਂ ਵਿਚੋਂ ਕੋਈ ਭੀ ਪ੍ਰਭੂ ਨਾਲੋਂ ਵਿਛੜੇ ਜੀਵ ਨੂੰ ਪ੍ਰਭੂ ਨਾਲ ਮਿਲਾ ਨਹੀਂ ਸਕਦਾ। ਪ੍ਰਭੂ ਦਾ 'ਸਿਮਰਨ' ਹੀ ਇਕੋ ਇਕ ਵਸੀਲਾ ਹੈ, 'ਸਿਮਰਨ' ਦੀ ਹੀ ਇਸ ਬਾਣੀ ਵਿਚ ਵਿਆਖਿਆ ਹੈ। ਇਸ ਵਾਸਤੇ ਇਸ ਦਾ ਨਾਮ ਭੀ 'ਜਪੁ' ਹੀ ਰੱਖਿਆ ਗਿਆ ਹੈ। 'ਜਪੁ' ਦਾ ਅਰਥ ਹੈ : ਸਿਮਰਨ, ਬੰਦਗੀ, ਭਜਨ।

(੨) ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦੀ ਲਿਖਤੀ ਤਰਤੀਬ ਜੇ ਗਹੁ ਨਾਲ ਵੇਖੀਏ ਤਾਂ ਹਰੇਕ 'ਰਾਗ' ਵਿਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਰਜ ਮਿਲਦੀ ਹੈ, ਇਸ ਤੋਂ ਪਿੱਛੋਂ ਗੁਰੂ ਅਮਰਦਾਸ ਜੀ ਦੀ, ਫਿਰ ਗੁਰੂ ਰਾਮਦਾਸ ਜੀ, ਗੁਰੂ ਅਰਜਨ ਸਾਹਿਬ, ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਰਜ ਹੈ। ਹਰੇਕ 'ਰਾਗ' ਵਿਚ ਪਹਿਲਾਂ 'ਸ਼ਬਦ', ਫਿਰ ਅਸ਼ਟਪਦੀਆਂ, ਫਿਰ ਛੰਦ ਆਦਿਕ ਇਸ ਉੱਪਰ-ਦੱਸੀ ਤਰਤੀਬ ਅਨੁਸਾਰ ਹੀ ਦਰਜ ਹਨ। ਸੋ, ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਗੁਰੂ ਨਾਨਕ ਦੇਵ ਜੀ ਦੀ ਹੀ ਬਾਣੀ ਹੋ ਸਕਦੀ ਸੀ।

ਸਿੱਖ ਧਰਮ ਦਾ ਮੁੱਖ ਨਿਸ਼ਾਨਾ ਹੈ 'ਸਿਮਰਨ'। 'ਸਿਮਰਨ' ਮਾਨੋ ਇਕ ਐਸੀ ਕੇਂਦਰੀ ਨੀਂਹ ਹੈ, ਜਿਸ ਦੇ ਉੱਪਰ 'ਧਰਮ' ਦੀ ਇਮਾਰਤ ਦੀ ਉਸਾਰੀ ਕੀਤੀ ਗਈ ਹੈ। ਸੋ, ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਭੀ ਉਸੇ ਹੀ ਬਾਣੀ ਦਾ ਦਰਜ ਕੀਤਾ ਜਾਣਾ ਫਬਦਾ ਸੀ, ਜੋ ਇਸ ਕੇਂਦਰੀ ਅਸੂਲ 'ਤੇ ਖੁੱਲ੍ਹੀ ਵਿਆਖਿਆ ਹੋਵੇ। ਤੇ, ਇਸ ਮਜ਼ਮੂਨ ਉੱਤੇ ਸਭ ਤੋਂ ਵਧੀਕ ਢੁਕਵੀਂ ਬਾਣੀ ਹੈ 'ਜਪੁ'। ਸੋ, ਗੁਰੂ ਅਰਜਨ ਸਾਹਿਬ ਨੇ ਇਸੇ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਦਰਜ ਕੀਤਾ।

(੩) ਪ੍ਰਭੂ ਦੀਆਂ ਬੇਅੰਤ ਦਾਤਾਂ ਮਿਲਿਆਂ ਭੀ ਜੀਵ ਦੁਖੀ ਹੈ, ਕਿਉਂਕਿ ਇਹ ਸੁਖ-ਦੇ-ਸੋਮੇ ਪ੍ਰਭੂ ਨਾਲੋਂ ਵਿਛੜਿਆ ਹੋਇਆ ਹੈ। ਇਹ ਵਿੱਥ ਕਿਵੇਂ ਮਿਟੇ? ਪ੍ਰਭੂ ਦੀ ਰਜ਼ਾ ਵਿਚ ਤੁਰਿਆਂ, ਪ੍ਰਭੂ ਦੇ ਸੁਭਾਵ ਨਾਲ ਆਪਣਾ ਸੁਭਾਉ ਮਿਲਾਇਆਂ। ਸੁਭਾਉ ਤਦੋਂ ਹੀ ਮਿਲ ਸਕਦਾ ਹੈ ਜੇ ਜੀਵ ਪ੍ਰਭੂ ਨੂੰ ਸਦਾ ਯਾਦ ਕਰ ਕੇ ਉਸ ਨਾਲ ਪਿਆਰ ਦਾ ਰਿਸ਼ਤਾ ਗੰਢ ਲਏ। ਇਹ ਇਕ ਐਸਾ ਜ਼ਰੂਰੀ ਸਵਾਲ ਹੈ, ਜਿਸ ਦੀ ਹਰੇਕ ਪ੍ਰਾਣੀ-ਮਾਤਰ ਨੂੰ ਆਪਣੇ ਦੁੱਖ-ਕਲੇਸ਼-ਤ੍ਰਿਸ਼ਨਾ ਆਦਿਕ ਮਿਟਾਣ ਲਈ ਵਿਚਾਰਨ ਦੀ ਸਦਾ ਲੋੜ ਹੈ। ਇਹ ਸਵਾਲ ਗੁਰੂ ਨਾਨਕ ਦੇਵ ਜੀ ਦੀ ਲਿਖੀ ਬਾਣੀ 'ਜਪੁ' ਵਿਚ ਖਾਸ ਤੌਰ 'ਤੇ ਵਿਸਥਾਰ ਨਾਲ ਵਿਚਾਰਿਆ ਗਿਆ ਹੈ, ਤਾਹੀਏਂ ਇਸ ਬਾਣੀ ਦਾ ਹਰ ਰੋਜ਼ ਪਾਠ ਕਰਨ ਦੀ ਸਤਿਗੁਰੂ ਵੱਲੋਂ ਹਦਾਇਤ ਹੈ, ਤਾਂ ਜੁ ਸਿੱਖ ਨੂੰ ਹਰ ਰੋਜ਼ ਇਹ ਚੇਤਾ ਆਉਂਦਾ ਰਹੇ ਕਿ ਪ੍ਰਭੂ ਨਾਲੋਂ ਪਈ ਵਿੱਥ ਨੂੰ ਮਿਟਾਣ ਦਾ ਇਕੋ ਵਸੀਲਾ ਹੈ ਤੇ ਉਹ ਹੈ ਪਰਮਾਤਮਾ ਦਾ ਸਿਮਰਨ, ਉਸ ਦੇ ਨਾਮ ਦੀ ਯਾਦ, ਉਸ ਦੇ ਗੁਣਾਂ ਦਾ 'ਜਪੁ'।

**ਕਾਵਯ ਬਣਤਰ**

ਪੁਰਾਤਨ ਸਮੇਂ ਤੋਂ ਇਹ ਆਮ ਰਿਵਾਜ਼ ਤੁਰਿਆ ਆ ਰਿਹਾ ਹੈ ਕਿ ਕੋਈ ਲਿਖਾਰੀ ਜਾਂ ਕਵੀ ਕਾਵਯ-ਰਚਨਾ ਕਰਨ ਵੇਲੇ ਸਭ ਤੋਂ ਪਹਿਲਾਂ ਆਪਣੇ ਇਸ਼ਟ ਦੀ ਉਸਤਤਿ ਕਰਦਾ ਹੈ। ਇਸ ਨੂੰ 'ਮੰਗਲਾਚਰਨ' ਆਖਦੇ ਹਨ। ਪੁਸਤਕ ਦੇ ਅਖੀਰ ਵਿਚ ਲਿਖਾਰੀ ਆਪਣੇ ਇਸ਼ਟ ਦਾ ਧੰਨਵਾਦ ਕਰਦਾ ਹੈ, ਜਾਂ ਉਸ ਤੋਂ ਕੋਈ ਵਰ ਮੰਗਦਾ ਹੈ, ਜਾਂ ਆਪਣੀ ਲਿਖੀ ਰਚਨਾ ਦਾ 'ਸਿਧਾਂਤ' ਇਕ ਦੋ ਬੰਦਾਂ ਵਿਚ ਲਿਖ ਦੇਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ 'ਜਪੁ ਜੀ' ਦੇ ਅਰੰਭ ਵਿਚ ਤੇ ਅਖੀਰ ਵਿਚ ਉਹੀ ਪੁਰਾਤਨ ਤਰੀਕਾ ਵਰਤਿਆ ਹੈ। ਇਸ ਬਾਣੀ ਦੇ ਅਸਲ ਮਜ਼ਮੂਨ ਦੀਆਂ 38 ਪਉੜੀਆਂ ਹਨ। ਪਹਿਲੀ ਪਉੜੀ ਵਿਚ ਮਨੁੱਖਾ ਜੀਵਨ ਦੇ ਕਿ ਜ਼ਰੂਰੀ ਪਹਿਲੂ ਬਾਰੇ ਜੋ ਸਵਾਲ ਛੇੜਿਆ ਹੈ ਕਿ ਜੀਵ ਦੀ ਪ੍ਰਭੂ ਨਾਲੋਂ ਪਈ ਵਿੱਥ ਕਿਵੇਂ ਦੂਰ ਹੋ ਸਕਦੀ ਹੈ, ਉਸ ਦੇ ਕਈ ਅੰਗ ਉਪਾਂਗ ਲੈ ਕੇ ਇਹਨਾਂ ਸਾਰੀਆਂ ਪਉੜੀਆਂ ਵਿਚ ਖੁੱਲ੍ਹੀ ਵਿਚਾਰ ਕੀਤੀ ਹੈ। ਇਹ 38 ਪਉੜੀਆਂ ਜਪੁ ਜੀ ਦੇ ਮਜ਼ਮੂਨ ਦਾ ਮੁਕੰਮਲ ਅਕਾਰ ਹਨ। ਪਰ, ਇਹਨਾਂ ਤੋਂ ਛੁੱਟ ਦੋ ਸਲੋਕ ਭੀ ਹਨ : ਇਕ ਅਰੰਭ ਵਿਚ ਤੇ ਇਕ ਅਖੀਰ ਵਿਚ। ਮੁੱਢਲੇ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਆਪਣੇ ਇਸ਼ਟ ਅਕਾਲ ਪੁਰਖ ਦਾ ਸਰੂਪ ਬਿਆਨ ਕਰਦੇ ਹਨ ਕਿ ਉਹ ਸਦਾ ਹੀ ਹੋਂਦ ਵਾਲਾ ਹੈ, ਸਦਾ ਹੀ ਕਾਇਮ ਹੈ। ਅਖ਼ੀਰਲੇ ਸਲੋਕ ਵਿਚ ਸਤਿਗੁਰੂ ਜੀ ਨੇ ਉਸ ਸਾਰੇ ਮਜ਼ਮੂਨ ਦਾ 'ਨਿਚੋੜ' ਦਿੱਤਾ ਹੈ, ਜਿਸ ਉੱਤੇ 38 ਪਉੜੀਆਂ ਵਿਚ ਖੁੱਲ੍ਹੀ ਵਿਚਾਰ ਕੀਤੀ ਗਈ ਹੈ।

ਲਫ਼ਜ਼ 'ਜਪੁ' ਤੋਂ ਪਹਿਲਾਂ ੧ਓ ਤੋਂ ਲੈ ਕੇ 'ਗੁਰ ਪ੍ਰਸਾਦਿ' ਤਕ ਮੂਲ-ਮੰਤਰ ਹੈ। 'ਜਪੁ' ਦੀ ਬਾਣੀ ਦੇ ਵਜੂਦ ਨਾਲ ਇਸ ਮੂਲ-ਮੰਤਰ ਦਾ ਕੋਈ ਸੰਬੰਧ ਨਹੀਂ ਹੈ। ਇਹ ਤਾਂ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਉਸੇ ਤਰ੍ਹਾਂ ਲਿਖਿਆ ਗਿਆ ਹੈ, ਜਿਵੇਂ ਹਰੇਕ 'ਰਾਗ' ਦੇ ਸ਼ੁਰੂ ਵਿਚ ਦਰਜ ਕੀਤਾ ਹੈ।

**ਪ੍ਰ. 'ਜਪੁ ਜੀ' ਕਦੋਂ ਲਿਖੀ ਗਈ ਸੀ?**

**ਉ.** (੧) ਪੁਸਤਕ ਪੁਰਾਤਨ ਜਨਮ ਸਾਖੀ ਦੀ ਸਾਖੀ ਨੰ. 10 'ਵੇਈ ਪ੍ਰਵੇਸ਼' ਅਨੁਸਾਰ ਜਪੁ ਜੀ ਪਰਮਾਤਮਾ ਦੀ ਹਜ਼ੂਰੀ ਵਿਚ ਉਚਾਰੀ ਗਈ, ਜਦੋਂ ਅਜੇ 'ਉਦਾਸੀਆਂ' ਸ਼ੁਰੂ ਨਹੀਂ ਹੋਈਆਂ ਸਨ ਤੇ ਸਤਿਗੁਰੂ ਜੀ ਅਜੇ ਸੁਲਤਾਨਪੁਰ ਹੀ ਰਹਿੰਦੇ ਹਨ। ਵੇਈਂ ਨਦੀ ਵਾਲੀ ਸਾਖੀ 1507 (ਸੰਮਤ 1564) ਵਿਚ ਹੋਈ ਸੀ।

ਸਾਖੀ ਵਾਲਾ ਲਿਖਦਾ ਹੈ ਕਿ ਜਦੋਂ ਪਰਮੇਸ਼ਰ ਦੇ ਸੇਵਕ ਵੇਈਂ ਨਦੀ ਵਿਚ ਇਸ਼ਨਾਨ ਕਰ ਰਹੇ ਸਤਿਗੁਰੂ ਨਾਨਕ ਦੇਵ ਜੀ ਨੂੰ ਪਰਮੇਸ਼ਰ ਦੀ ਦਰਗਾਹ ਵਿਚ ਲੈ ਗਏ "ਤਬਿ ਅਵਾਜੁ ਹੋਆ-ਨਾਨਕ : ਮੇਰਾ ਹੁਕਮ ਤੇਰੀ ਨਦਰੀ ਆਇਆ ਹੈ, ਤੂੰ ਮੇਰੇ ਹੁਕਮੁ ਕੀ ਸਿਫਤਿ ਕਰੁ। ਤਬਿ ਬਾਬਾ ਬੋਲਿਆ। ਧੁਨਿ ਉਠੀ: ਰਾਗੁ ਆਸਾ ਜਪੁ ਮ: ੧। ਸਲੋਕ। ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ। ਨਾਨਕ ਹੋਸੀ ਭੀ ਸਚੁ॥੧। ਜਪੁ ਸੰਪੂਰਣੁ ਕੀਤਾ।"

(੨) ਡਾਕਟਰ ਮੋਹਣ ਸਿੰਘ ਜੀ ਨੇ (ਜੋ ਕਿ ਪੰਜਾਬ ਯੂਨੀਵਰਸਿਟੀ ਦੇ ਓਰੀਐਂਟਲ ਕਾਲਜ ਦੇ ਪੰਜਾਬੀ ਦੇ ਮਹਿਕਮੇ ਦੇ ਮੁੱਖ ਅਧਿਆਪਕ ਹਨ ਅਤੇ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਲਿਖਾਰੀ ਹਨ) ਆਪਣੀ ਪੁਸਤਕ ਪੰਜਾਬੀ ਭਾਸ਼ਾ ਤੇ ਛੰਦਾ-ਬੰਦੀ ਵਿਚ ਇਕ ਹੱਥ-ਲਿਖੀ ਦਾ ਹਵਾਲਾ ਦਿੱਤਾ ਹੈ; ਜਿਸ ਨੂੰ ਬੋਲੀ ਦੇ ਆਧਾਰ 'ਤੇ ਸਤਾਰ੍ਹਵੀਂ ਸਦੀ ਦੇ ਅੱਧ ਦੀ ਲਿਖੀ ਮੰਨਦੇ ਹਨ। ਉਹ ਹੱਥ-ਲਿਖੀ ਹੁਣ ਪੱਛਮੀ ਪੰਜਾਬ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਹੈ। ਉਸ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਟਿਕੇ ਹੋਏ ਸਨ, ਤਾਂ "ਦਰਗਾਹ ਪਰਮੇਸਰ ਕੀ ਬੁਲਾਇਆ।" ਵਾਪਸ ਆ ਕੇ ਆਪਣੇ ਸਿੱਖ ਅੰਗਦ ਨੂੰ ਆਖਣ ਲੱਗੇ, "ਪੁਰਖਾ। ਪਾਰਬ੍ਰਹਮ ਕਾ ਹੁਕਮ ਹੈ ਕਿ ਸਿਫ਼ਤਿ ਮੇਰੀ ਕਰਣੀ।" ਗੁਰੂ ਨਾਨਕ ਦੇਵ ਜੀ ਨੇ "ਆਪਣਾ ਖਜ਼ਾਨਾ ਅੰਗਦ ਸਿਖ ਕੇ ਹਵਾਲੇ ਕੀਤਾ। ਕਹਿਓਸੁ-ਪੁਰਖਾ! ਹੁਣ ਤੂੰ ਜਪੁ ਰਚ। ਤਬ ਗੁਰੂ ਬਾਬੇ ਨਾਨਕ ਦੇ ਹਜ਼ੂਰਿ ਗੁਰੂ ਅੰਗਦ ਬਾਬੇ ਦੀ ਬਾਣੀ ਦਾ ਜੋੜੁ ਬੰਧਿਆ ਜਪੁ ਕਾ। ਅਠਤੀਸ ਪਉੜੀਆਂ ਸਾਰੀ ਬਾਣੀ ਵਿਚਹੁ ਮਥਿ ਕਰਿ ਕਢੀ ਹੈ।"

ਇਸ ਹੱਥ-ਲਿਖੀ ਅਨੁਸਾਰ 'ਜਪੁ ਜੀ' ਗੁਰੂ ਨਾਨਕ ਦੇਵ ਜੀ ਦੀ ਪਹਿਲੀ ਰਚਨਾ ਨਹੀਂ ਹੈ, ਸਗੋਂ ਉਹਨਾਂ ਦੀ ਸਾਰੀ ਬਾਣੀ ਦਾ ਤੱਤ ਹੈ। ਤੇ, ਇਹ ਤਦੋਂ ਰਚੀ ਗਈ ਜਦੋਂ ਬਾਬਾ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਪਾਸ ਕਰਤਾਰਪੁਰ ਆ ਚੁੱਕੇ ਸਨ। ਉਂਜ ਇਸ ਸਾਖੀਕਾਰ ਨੂੰ ਇਹ ਪਤਾ ਨਹੀਂ ਹੈ ਕਿ ਕਰਤਾਰਪੁਰ ਕਿਥੇ ਹੈ, ਉਹ ਬਿਆਸ ਨਦੀ ਦੇ ਕੰਢੇ ਸਮਝਦਾ ਹੈ। ਲਿਖਦਾ ਹੈ, "ਤਬ ਬਿਆਹ ਨਦੀ ਕੇ ਕਿਨਾਰੇ ਕਰਤਾਰਪੁਰਿ ਏਹੁ ਉਪਦੇਸੁ ਗੁਰੂ ਬਾਬੇ ਅੰਗਦ ਸਿੱਖ ਕੈ ਤਾਈ ਕਹਿਆ।" ਬਾਬਾ ਲਹਿਣਾ ਜੀ ਦਾ ਜਨਮ ਸੰਨ 1504 ਵਿਚ ਹੋਇਆ ਸੀ, ਤੇ 28 ਸਾਲਾਂ ਦੀ ਉਮਰੇ ਉਹ ਗੁਰੂ ਨਾਨਕ ਜੀ ਦੇ ਪਾਸ ਸੰਨ 1532 ਵਿਚ ਕਰਤਾਰਪੁਰ ਆਏ ਸਨ। ਸਾਖੀ ਤੋਂ ਇਹ ਗੱਲ ਭੀ ਸਾਫ਼ ਦਿੱਸਦੀ ਹੈ ਕਿ ਬਾਬਾ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੇ ਬਹੁਤ ਹੀ ਨਿਕਟੀ ਹੋ ਚੁੱਕੇ ਸਨ। ਉਹਨਾਂ ਨੂੰ ਅੰਗਦ ਨਾਮ ਭੀ ਮਿਲ ਚੁੱਕਾ ਹੋਇਆ ਸੀ। ਇਥੋਂ ਇਹੀ ਅੰਦਾਜ਼ਾ ਲੱਗ ਸਕਦਾ ਹੈ ਕਿ 'ਜਪੁ ਜੀ' ਗੁਰੂ ਨਾਨਕ ਦੇਵ ਜੀ ਦੀ ਪਿਛਲੀ ਉਮਰੇ ਲਿਖੀ ਗਈ ਸੀ। ਤਦੋਂ ਸਾਰੀਆਂ 'ਉਦਾਸੀਆਂ' ਨੂੰ ਮੁੱਕਿਆਂ ਚੋਖਾ ਚਿਰ ਹੋ ਚੁੱਕਿਆ ਸੀ।

**ਨੋਟ** : ਇਥੇ ਇਸ ਹੱਥ-ਲਿਖੀ ਦਾ ਇਹ ਇਸ਼ਾਰਾ ਭੀ ਪਾਠਕ ਚੇਤੇ ਰੱਖਣ ਕਿ ਗੁਰੂ ਨਾਨਕ ਦੇਵ ਜੀ ਆਪਣੀ ਸਾਰੀ ਬਾਣੀ ਜੋ ਉਹਨਾਂ ਆਪ ਹੀ ਲਿਖ ਰੱਖੀ ਹੋਈ ਸੀ, ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦੇ ਦਿੱਤੀ ਸੀ—"ਆਪਣਾ ਖ਼ਜ਼ਾਨਾ ਅੰਗਦ ਸਿਖ ਕੇ ਹਵਾਲੇ ਕੀਤਾ।"

ਡਾਕਟਰ ਮੋਹਣ ਸਿੰਘ ਜੀ ਭੀ ਇਸ ਹੱਥ ਲਿਖੀ ਦਾ ਹਵਾਲਾ ਦੇ ਕੇ ਅਖ਼ੀਰ 'ਤੇ ਭਾਈ ਗੁਰਦਾਸ ਜੀ ਦੀ ਵਾਰ ਦੇ ਆਸਰੇ ਲਿਖਦੇ ਹਨ-"ਮੱਕੇ ਬਗ਼ਦਾਦ ਮਦੀਨੇ ਤੋਂ ਮੁੜ ਕੇ ਬਾਬੇ ਜੀ ਨੇ ਉਦਾਸੀ ਭੇਖ ਉਤਾਰ ਕੇ ਕਰਤਾਰਪੁਰ ਵਿਚ ਟਿਕਾਣਾ ਕੀਤਾ।" ਤੇ, "ਇਸ ਤੋਂ ਸਪੱਸ਼ਟ ਹੈ ਕਿ ਜਪੁ ਜੀ, ਰਹਰਾਸਿ, ਗੋਸਟਿ, ਸੋਦਰੁ, ਆਰਤੀ ਬਾਣੀ ਕਰਤਾਰਪੁਰ ਵਿਚ ਉਚਰੀ ਗਈ, ਜਿਥੇ ਬਾਣੀ ਰੂਪ ਗੰਗਾ ਨੂੰ ਧਾਰਨ ਕਰਨ ਵਾਲੇ ਅੰਗਦ ਜੀ ਮੌਜੂਦ ਸਨ।"

(੩) ਕਈ ਸੱਜਣ ਆਖਦੇ ਹਨ ਕਿ ਸਤਿਗੁਰੂ ਨਾਨਕ ਸਾਹਿਬ ਨੇ ਇਸ ਬਾਣੀ ਦੀ ਰਾਹੀਂ ਸਿੱਧਾਂ ਨੂੰ ਉਪਦੇਸ਼ ਕੀਤਾ ਸੀ। ਕਈ ਵਿਦਵਾਨ ਇਸ ਖ਼ਿਆਲ ਦੇ ਹਨ ਕਿ ਬਾਬਾ ਲਹਿਣਾ ਜੀ ਨੂੰ ਉਪਦੇਸ਼ ਕਰਨ ਵਾਸਤੇ ਇਹ ਬਾਣੀ ਉਚਾਰੀ ਸੀ। ਕਈ ਸੱਜਣ ਇਸ ਬਾਣੀ ਦਾ ਟੀਕਾ ਕਰਨ ਵੇਲੇ ਇਹ ਮਿੱਥ ਲੈਂਦੇ ਹਨ ਕਿ ਕੋਈ ਜਗਿਆਸੂ ਸਿੱਖ ਸਤਿਗੁਰੂ ਜੀ ਤੋਂ ਪ੍ਰਸ਼ਨ ਪੁੱਛਦਾ ਜਾ ਰਿਹਾ ਹੈ ਤੇ ਸਤਿਗੁਰੂ ਜੀ ਇਹਨਾਂ ਪਉੜੀਆਂ ਦੀ ਰਾਹੀਂ ਤਰਤੀਬਵਾਰ ਉੱਤਰ ਦੇਈ ਜਾ ਰਹੇ ਹਨ।


ਇਹ ਸਾਰੇ ਹੀ ਖ਼ਿਆਲ ਅਨਹੋਣੇ ਜਿਹੇ ਜਾਪਦੇ ਹਨ। ਜਿਉਂ-ਜਿਉਂ ਪਾਠਕ ਸੱਜਣ ਗਹੁ ਨਾਲ ਇਸ ਬਾਣੀ ਵਿਚ ਜੁੜਨਗੇ, ਇਹ ਗੱਲ ਸਾਫ਼ ਦਿੱਸਣ ਲੱਗ ਪਏਗੀ ਕਿ ਇਹ ਸਾਰੀ ਵਿਚਾਰ ਇਕੋ ਹੀ ਤੁਕ ਦੇ ਦੁਆਲੇ ਹੈ, "ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ॥" ਬੜੀ ਉੱਚੀ ਆਤਮਕ ਉਡਾਰੀ ਹੈ, ਮਨੁੱਖਾ ਜੀਵਨ ਦੇ ਇਕ ਅੱਤ ਜ਼ਰੂਰੀ ਪਹਿਲੂ 'ਤੇ ਡੂੰਘੀ ਵਿਚਾਰ ਹੈ। ਇਸ ਦਾ ਸਾਰਾ ਮਿਲਵਾਂ ਮਜ਼ਮੂਨ ਇਉਂ ਦੱਸ ਰਿਹਾ ਹੈ ਕਿ ਕਿਸੇ ਇਕਾਂਤ ਸਮੇਂ, ਇਕਾਂਤ ਥਾਂ 'ਤੇ ਇਕਾਂਤ-ਚਿੱਤ ਹੋ ਕੇ ਲਿਖੀ ਗਈ ਹੈ। ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਵਾਰਾਂ ਹਨ, ਜੋ ਮਾਝ, ਆਸਾ ਅਤੇ ਮਲਾਰ ਰਾਗ ਵਿਚ ਦਰਜ ਹਨ। ਇਨ੍ਹਾਂ ਦੀਆਂ ਸਿਰਫ਼ ਪਉੜੀਆਂ ਨੂੰ ਗਹੁ ਨਾਲ ਪੜ੍ਹ ਕੇ ਵੇਖੋ। ਤਿੰਨਾਂ ਦੇ ਵੱਖੋ-ਵੱਖ ਮਜ਼ਮੂਨ ਹੀ ਸਾਫ਼ ਦੱਸਦੇ ਹਨ ਕਿ 'ਆਸਾ ਦੀ ਵਾਰ' ਉਮਰ ਦੇ ਦੂਰ ਅਖ਼ੀਰਲੇ ਹਿੱਸੇ ਵਿਚ ਕਿਤੇ ਇਕਾਂਤ ਥਾਂ ਬੈਠ ਕੇ ਲਿਖੀ ਗਈ ਹੈ। ਇਸ ਵਾਰ ਦਾ ਮੁੱਖ ਮਜ਼ਮੂਨ ਹੈ 'ਮਨੁੱਖਾ ਜੀਵਨ ਦਾ ਮਨੋਰਥ।' 'ਆਸਾ ਦੀ ਵਾਰ' ਵਾਂਗ 'ਜਪੁ ਜੀ' ਵਿਚ ਭੀ ਮਨੁੱਖਾ ਜੀਵਨ ਦੇ ਇਕ ਅੱਤ ਜ਼ਰੂਰੀ ਪਹਿਲੂ 'ਤੇ ਡੂੰਘੀ ਵਿਚਾਰ ਹੈ ਕਿ ਮਨੁੱਖ ਦੀ ਪਰਮਾਤਮਾ ਨਾਲੋਂ ਪਈ ਵਿੱਥ ਕਿਵੇਂ ਦੂਰ ਹੋ ਸਕਦੀ ਹੈ। ਆਸਾ ਦੀ ਵਾਰ ਵਾਂਗ ਇਹ ਭੀ ਉਮਰ ਦੇ ਪਿਛਲੇਰੇ ਹਿੱਸੇ ਵਿਚ ਕਿਤੇ ਇਕਾਂਤ ਥਾਂ 'ਤੇ ਬੈਠ ਕੇ ਲਿਖੀ ਗਈ ਹੈ, ਕਿਸੇ ਜਗਿਆਸੂ ਆਦਿਕ ਦੇ ਪ੍ਰਸ਼ਨ ਉੱਤਰਾਂ ਦਾ ਸਿੱਟਾ ਨਹੀਂ ਹੈ। ਪ੍ਰਸ਼ਨਾਂ ਉੱਤਰਾਂ ਨੂੰ ਛੱਡ ਕੇ ਜਿਉਂ-ਜਿਉਂ ਇਸ ਬਾਣੀ ਦੀ ਡੂੰਘਾਈ ਵਿਚ ਚੁੱਭੀ ਲਾਵਾਂਗੇ, ਤਿਉਂ-ਤਿਉਂ ਇਹ ਸੁਆਦਲੀ ਸਮਝ ਆਵੇਗੀ ਕਿ ਇਹ ਸਾਰੀ ਵਿਚਾਰ "ਕਿਵ ਕੂੜੇ ਤੁਟੈ ਪਾਲਿ" ਦੇ ਧੁਰੇ ਦੁਆਲੇ ਘੁੰਮ ਰਹੀ ਹੈ; ਜੋ ਕਿਸੇ ਜੁੜੇ ਮਨ ਦੀ ਉੱਚੀ ਆਤਮਕ ਉਡਾਰੀ ਦਾ ਨਤੀਜਾ ਹੋ ਸਕਦਾ ਹੈ, ਪ੍ਰਸ਼ਨਾਂ ਉੱਤਰਾਂ ਦਾ ਨਹੀਂ ਹੋ ਸਕਦਾ।

# ਸਤੀ ਪਹਿਰੀ ਸਤ ਭਲਾ

**'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।**

**ਇੰਜੀ. ਪਰਮਿੰਦਰਜੀਤ ਸਿੰਘ, ਸੰਪਾਦਕ**

ਇਸ ਸੰਸਾਰ ਦਾ ਇਕ ਅਟਲ ਨਿਯਮ ਹੈ ਕਿ ਜਿਥੇ ਸਿਰਜਣਾ ਹੈ, ਉਥੇ ਤਰਤੀਬ ਹੈ, ਉਥੇ ਸਿਆਣਪ ਹੈ ਅਤੇ ਸਮਾਂ ਵੀ ਲੱਗਦਾ ਹੈ। ਫ਼ਿਲਮਾਂ ਨੂੰ ਛੱਡ ਕੇ ਸਿਰਜਣਾ ਫੌਰਨ ਨਹੀਂ ਹੁੰਦੀ। ਇਕ ਝੌਂਪੜੀ ਖੜ੍ਹੀ ਕਰਨ ਲੱਗਿਆਂ ਵੀ ਮਿਹਨਤ ਦੀ ਲੋੜ ਹੈ, ਕਿਸੇ ਤਰਤੀਬ ਦੀ ਲੋੜ ਹੈ ਅਤੇ ਸਮੇਂ ਦੀ ਲੋੜ ਹੈ। ਨਗਰ ਤੇ ਸ਼ਹਿਰ ਫੂਕ ਮਾਰਿਆਂ ਨਹੀਂ ਵੱਸ ਜਾਂਦੇ ਬਹੁਤ ਕੁਝ ਕਰਨਾ ਪੈਂਦਾ ਹੈ। ਸਾਰਾ ਮਟੀਰੀਅਲ ਕੋਲ ਹੁੰਦਿਆਂ ਵੀ ਸਮੇਂ ਦੀ, ਸਿਆਣਪ ਦੀ ਤੇ ਘਾਲਣਾ ਦੀ ਲੋੜ ਹੈ ਪਰ ਸ਼ਹਿਰਾਂ ਨੂੰ ਗਿਰਾਉਣ ਵਾਸਤੇ, ਉਜਾੜਨ ਵਾਸਤੇ, ਸਾੜਨ ਵਾਸਤੇ ਸਿਆਣਿਆਂ ਦੀ ਲੋੜ ਨਹੀਂ ਸਗੋਂ ਦਸ ਵੀਹ ਬੇਰਹਿਮ ਤੇ ਮੂਰਖ ਚਾਹੀਦੇ ਹਨ ਸਾਰੇ ਸ਼ਹਿਰ ਨੂੰ ਅੱਗ ਲਾ ਕੇ ਸਾੜ ਦੇਣਗੇ ਤੇ ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਸਿਰਜਣਾ ਦੀ ਭਾਵਨਾ ਹਰ ਇਕ ਦਿਮਾਗ਼ ਵਿਚੋਂ ਨਹੀਂ ਨਿਕਲਦੀ ਪਰ ਵਿਨਾਸ਼ ਦੀ ਭਾਵਨਾ, ਉਜਾੜੇ ਦੀ ਭਾਵਨਾ ਹਰ ਇਕ ਦਿਮਾਗ਼ ਵਿਚੋਂ ਨਹੀਂ ਨਿਕਲਦੀ ਪਰ ਵਿਨਾਸ਼ ਦੀ ਭਾਵਨਾ, ਉਜਾੜੇ ਦੀ ਭਾਵਨਾ ਹਰ ਇਕ ਦਿਮਾਗ਼ ਵਿਚੋਂ ਫੁੱਟ ਫੁੱਟ ਕੇ ਬਾਹਰ ਨਿਕਲ ਰਹੀ ਹੈ ਜਿਵੇਂ ਕਿ ਕਿਸੇ ਸੋਮੇ ਵਿਚੋਂ ਪਾਣੀ ਆਪਣੇ ਆਪ ਉਛਾਲੇ ਮਾਰਦਾ ਹੋਇਆ ਬਾਹਰ ਨਿਕਲਦਾ ਹੈ।



ਇਸ ਮਨ ਵਿਚੋਂ ਕੋਈ ਪਰਉਪਕਾਰ ਦਾ, ਸੇਵਾ ਦਾ, ਦੂਸਰੇ ਦੇ ਭਲੇ ਦਾ ਤੇ ਆਪਣੇ ਭਲੇ ਦਾ ਵਿਚਾਰ ਨਿਕਲੇ ਇਸ ਵਾਸਤੇ ਤਾਂ ਮਨ ਨੂੰ ਬਹੁਤ ਸਾਧਨਾ ਪੈਂਦਾ ਹੈ। ਜਿਵੇਂ ਕਿ ਇਕ ਕਿਸਾਨ ਖੇਤੀ ਨੂੰ ਸਾਧਦਾ ਹੈ, ਫਿਰ ਸੁਹਣਾ ਬੀਜ ਬੀਜਦਾ ਹੈ ਤੇ ਫਿਰ ਖਾਣ ਯੋਗ ਅਨਾਜ ਪੈਦਾ ਹੁੰਦਾ ਹੈ ਪਰ ਨਦੀਨ ਘਾਹ ਤਾਂ ਆਪਣੇ ਆਪ ਹੀ ਪੈਦਾ ਹੋ ਜਾਂਦਾ ਹੈ। ਘਾਹ ਨਦੀਨ ਬੀਜਣ ਦੀ ਲੋੜ ਨਹੀਂ ਸਗੋਂ ਇਸ ਨੂੰ ਤਾਂ ਖੇਤੀ ਦੀ ਸੁਰੱਖਿਆ ਵਾਸਤੇ ਪੁੱਟਣ ਦੀ ਲੋੜ ਪੈਂਦੀ ਹੈ। ਇਸੇ ਤਰ੍ਹਾਂ ਬੁਰਿਆਈਆਂ ਨੂੰ, ਮਨ ਵਿਚ ਬੀਜਣ ਦੀ ਲੋੜ ਨਹੀਂ ਸਗੋਂ ਪੁੱਟਣ ਦੀ ਲੋੜ ਹੈ। ਪਰ ਇਸ ਬੰਦੇ ਨੇ ਮਨ ਖੇਤੀ ਨੂੰ ਸਾਧਿਆ ਹੀ ਨਹੀਂ, ਬੀਜ ਚੰਗਾ ਬੀਜਿਆ ਹੀ ਨਹੀਂ ਤਾਂ ਅਨਾਜ ਦੀ ਕੀ ਆਸ ਹੋ ਸਕਦੀ ਹੈ। ਇਸ ਮਨੁੱਖ ਦੀ ਮਾਨਸਿਕ ਹਾਲਤ ਐਸੀ ਹੈ ਜੈਸਾ ਕਿ ਕਿਸੇ ਉਜਾੜ ਵਿਚ ਪਈ ਖੇਤੀ ਦੀ ਹੁੰਦੀ ਹੈ। ਸਤਿਗੁਰੂ ਕਹਿੰਦੇ ਹਨ ਧਰਤੀ ਸਾਧ ਵੀ ਲਈਏ ਪਰ ਜਦੋਂ ਤੱਕ ਬੀਜ ਖ਼ਾਲਸ ਨਹੀਂ ਅਤੇ ਬੀਜਿਆ ਹੀ ਕੁਝ ਨਹੀਂ, ਕੀ ਉਗੇਗਾ?

**ਜੈਸੇ ਧਰਤੀ ਸਾਧੈ ਬਹੁ ਬਿਧਿ, ਬਿਨੁ ਬੀਜੈ ਨਹੀ ਜਾਮੈ ॥**
**ਰਾਮ ਨਾਮ ਬਿਨੁ ਮੁਕਤਿ ਨ ਹੋਈ ਹੈ ਤੁਟੈ ਨਾਹੀ ਅਭਿਮਾਨੈ ॥**

**(ਸਾਰੰਗ ਮ: ੫ ਪੰਨਾ ੧੨੦੫)**

ਸਿਆਣੇ ਕਿਸਾਨ ਨੂੰ ਆਪਣੀ ਖੇਤੀ ਦਾ ਹਰ ਵੇਲੇ ਹੀ ਧਿਆਨ ਰੱਖਣਾ ਪੈਂਦਾ ਹੈ। ਪਹਿਲਾ, ਕਿ ਖੇਤੀ 'ਤੇ ਕੋਈ ਕਬਜ਼ਾ ਹੀ ਨਾ ਕਰਕੇ ਬੈਠ ਜਾਏ। ਦੂਜਾ, ਰੁੱਤ ਅਨੁਸਾਰ ਖੇਤੀ ਨੂੰ ਤਿਆਰ ਕਰਨਾ ਤੇ ਵੱਤਰ ਦਾ ਧਿਆਨ ਰੱਖਣਾ। ਤੀਜਾ, ਠੀਕ ਢੰਗ ਨਾਲ ਖ਼ਾਲਸ ਬੀਜ ਲੱਭਣਾ ਅਤੇ ਖੇਤੀ ਵਿਚ ਬੀਜਣਾ। ਚੌਥਾ, ਉਗਦੀ ਖੇਤੀ ਨੂੰ ਬੜਾ ਖ਼ਤਰਾ ਹੁੰਦਾ ਹੈ ਪੰਛੀ ਉਜਾੜ ਨਾ ਜਾਣ। ਪੰਜਵਾਂ, ਵੱਡੀ ਹੋਈ ਖੇਤੀ ਨੂੰ ਜਾਨਵਰ ਪਸ਼ੂ ਨਾ ਉਜਾੜ ਜਾਣ। ਛੇਵਾਂ, ਖੇਤੀ ਨੂੰ ਨਦੀਨ ਤੋਂ ਬਚਾਉਣਾ, ਬੀਮਾਰੀਆਂ ਤੋਂ ਬਚਾਉਣਾ। ਸੱਤਵਾਂ, ਕੁਦਰਤੀ ਕਰੋਪੀ ਤੋਂ ਬਚਾਉਣ ਲਈ ਰੱਬ ਅੱਗੇ ਜੋਦੜੀ ਕਰਨੀ ਕਿ ਪੱਕੀ 'ਤੇ ਗੜਾ ਨਾ ਪੈ ਜਾਵੇ। ਅੱਠਵਾਂ, ਸਮੇਂ ਅਨੁਸਾਰ ਅਨਾਜ ਨੂੰ ਮੀਂਹ ਹਨ੍ਹੇਰੀ ਤੋਂ ਬਚਾ ਕੇ ਘਰ ਲਿਆਉਣਾ। ਏਨਾ ਸੁਚੇਤ ਕਿਸਾਨ ਨੂੰ ਰਹਿਣਾ ਪੈਂਦਾ ਹੈ ਤਾਂ ਕਿਤੇ ਅਨਾਜ ਉਸ ਦੇ ਘਰ ਆਉਂਦਾ ਹੈ। ਸਤਿਗੁਰੂ ਬਾਣੀ ਵਿਚ ਫੁਰਮਾਉਂਦੇ ਹਨ –

**ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥**
**ਆਪਣੀ ਖੇਤੀ ਰਾਖਿ ਲੈ ਕੂੰਜ ਪੜੈਗੀ ਖੇਤਿ ॥**

**(ਸਿਰੀ ਰਾਗ ਮ: ੩ ਪੰਨਾ ੩੪)**

ਖੇਤੀ ਨਾਲ ਕਿਸਾਨ ਨੂੰ ਕਿੰਨੀ ਮਿਹਨਤ ਕਰਨੀ ਪੈਂਦੀ ਤਾਂ ਕਿਤੇ ਖੇਤੀ ਤਿਆਰ ਹੁੰਦੀ ਹੈ ਪਰ ਖੇਤੀ ਤਬਾਹ ਕਰਨ ਵਾਸਤੇ ਕਿੰਨੀ ਕੁ ਸਿਆਣਪ ਅਤੇ ਮਿਹਨਤ ਦੀ ਲੋੜ ਹੈ। ਖੇਤੀ ਕੱਟੀ ਗਈ, ਕਣਕ ਦੀਆਂ ਭਰੀਆਂ ਬੰਨ੍ਹ ਕੇ ਖਲਵਾੜਾ ਲਗਾ ਦਿੱਤਾ ਗਿਆ। ਕਿਸੇ ਸ਼ਰਾਰਤੀ ਨੇ ਆ ਕੇ ਮਾਚਸ ਕੱਢੀ, ਇਕ ਤੀਲੀ ਬਾਲੀ ਤੇ ਖਲਵਾੜੇ ਵਿਚ ਸੁੱਟ ਦਿੱਤੀ। ਬਸ ਵੇਖਦਿਆਂ-ਵੇਖਦਿਆਂ ਹੀ ਕਿਸਾਨ ਦੀ ਛੇ ਮਹੀਨੇ ਦੀ ਮਿਹਨਤ, ਖ਼ੂਨ ਪਸੀਨੇ ਦੀ ਕਮਾਈ ਰਾਖ਼ ਦੀ ਢੇਰੀ ਬਣ ਕੇ ਰਹਿ ਜਾਵੇਗੀ। ਇਕ ਲਾਇਬ੍ਰੇਰੀ ਵਿਚ ਜਿੰਨੀਆਂ ਕਿਤਾਬਾਂ ਹਨ, ਕਿੰਨੀ ਮਿਹਨਤ ਨਾਲ ਲਿਖੀਆਂ ਗਈਆਂ, ਇਕੱਠੀਆਂ ਕੀਤੀਆਂ ਗਈਆਂ, ਕਿੰਨੇ ਦਿਮਾਗ਼ ਲਾਏ ਗਏ ਹਨ, ਇੰਨੀਆਂ ਕਿਤਾਬਾਂ ਲਿਖੀਆਂ ਗਈਆਂ ਪਰ ਸਾੜਨ ਲੱਗਿਆਂ ਕਿੰਨੀ ਕੁ ਮਿਹਨਤ ਤੇ ਸਿਆਣਪ ਦੀ ਲੋੜ ਹੈ। ਵਿਦਵਾਨ ਖੋਜੀ ਕਹਿੰਦੇ ਹਨ ਸਿਕੰਦਰੀਆ ਵਿਚ ਜਦੋਂ ਲਾਇਬ੍ਰੇਰੀ ਨੂੰ ਅੱਗ ਲਾਈ ਗਈ ਤਾਂ ਏਨੀਆਂ ਕਿਤਾਬਾਂ ਸੜੀਆਂ ਕਿ

ਛੇ ਮਹੀਨਿਆਂ ਤੱਕ ਧੂੰਆਂ ਨਿਕਲਦਾ ਰਿਹਾ ਸੀ, ਡਰਦਾ ਕੋਈ ਉਸ ਅੱਗ ਨੂੰ ਬੁਝਾਉਣ ਦਾ ਹੌਂਸਲਾ ਨਹੀਂ ਸੀ ਕਰਦਾ। ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਸੜਨ ਨਾਲ, ਜੋ ਸਿੱਖ ਪੰਥ ਦਾ ਨੁਕਸਾਨ ਹੋਇਆ ਹੈ, ਪਤਾ ਨਹੀਂ ਕਦੋਂ ਪੂਰਾ ਹੋਵੇਗਾ, ਕਿੰਨਾ ਸਮਾਂ ਲਗੇਗਾ। ਕੁਝ ਐਸੇ ਹੀ ਖਰੜੇ ਸੜ ਗਏ ਹੋਣਗੇ ਸ਼ਾਇਦ ਜਿਨ੍ਹਾਂ ਦੀ ਦੂਸਰੀ ਕਾਪੀ ਹੀ ਨਾ ਮਿਲ ਸਕੇ।

ਪ੍ਰਸਿੱਧ ਵਿਦਵਾਨ ਸ਼ੇਖ਼ ਸਾਅਦੀ ਦੇ ਕਥਨ ਨਾਲ ਮੈਂ ਸਹਿਮਤ ਹਾਂ ਕਿ ਜੋ ਸੱਚ ਹੈ ਉਹ ਤੋੜਿਆ ਨਹੀਂ ਟੁੱਟਦਾ, ਉਹ ਵਕਤੀ ਤੌਰ 'ਤੇ ਟੁੱਟਦਾ ਹੈ ਫਿਰ ਜੁੜ ਜਾਂਦਾ ਹੈ ਅਤੇ ਜੋ ਵਿਨਾਸ਼ ਦੀ ਭਾਵਨਾ ਵਾਲਾ ਹੈ ਉਹ ਇਕ ਬੇਕਾਰ ਪੱਥਰ ਹੈ ਅਤੇ ਬੇਕਾਰ ਤੇ ਭੈੜਾ ਪੱਥਰ ਜੇ ਇਕ ਸੋਨੇ ਦੇ ਪਿਆਲੇ ਨੂੰ ਤੋੜ ਵੀ ਦੇਵੇ, ਮੋਤੀ ਨੂੰ ਤੋੜ ਵੀ ਦੇਵੇ ਤਾਂ ਉਸ ਪਿਆਲੇ ਦੀ ਕੀਮਤ ਸੋਨੇ ਕਰਕੇ ਹੈ। ਸੋਨਾ ਤਾਂ ਟੁੱਟਾ ਵੀ ਫਿਰ ਸੋਨੇ ਦੇ ਭਾਅ ਵਿਕ ਜਾਵੇਗਾ, ਪਰ ਪੱਥਰ ਦੀ ਤਾਂ ਕੋਈ ਕੀਮਤ ਨਹੀਂ ਪੈਣੀ।

ਸ਼ਾਅਦੀ ਲਿਖਦੇ ਹਨ

**ਸੰਗੇ ਬਦ, ਗੌਹਰ ਅਗਰ ਕਾਸਾ-ਏ-ਜ਼ਰੀ ਸ਼ਿਕੰਦ,**

**ਕੀਮਤੇ ਸੰਗ ਨੈ ਫਜ਼ਾਇਦ ਵ ਜ਼ਰ ਕਮ ਨਾ ਸ਼ਵੱਦ॥**

ਪਰ ਘਾਟ ਇਹ ਜ਼ਰੂਰ ਪੈਂਦੀ ਹੈ ਕੁਝ ਘਾੜਤਾਂ ਐਸੀਆਂ ਹੁੰਦੀਆਂ ਹਨ ਜਿਹੜੀਆਂ ਮਨੁੱਖਤਾ ਨੂੰ ਸੇਧ ਦੇਣ ਵਾਲੀਆਂ ਹੁੰਦੀਆਂ ਹਨ ਤੇ ਕੁਝ ਘਾੜਤਾਂ ਇਤਿਹਾਸਕ ਹੁੰਦੀਆਂ ਹਨ ਜਿਨ੍ਹਾਂ ਨੂੰ ਵੇਖ ਕੇ ਸੁਭਾਵਕ ਹੀ ਮਨ ਵਿਚ ਹੁਲਾਰਾ ਪੈਦਾ ਹੁੰਦਾ ਹੈ। ਨਵੀਂ ਘਾੜਤ ਮਨ ਨੂੰ ਉਹ ਹੁਲਾਰਾ ਨਹੀਂ ਦੇ ਸਕਦੀ ਉਸ ਘਾੜਤ ਦੀ ਕੀਮਤ ਵੀ ਕੁਝ ਘੱਟ ਨਹੀਂ ਹੁੰਦੀ। ਉਸ ਘਾੜਤ ਨੂੰ ਘੜਣ ਲੱਗਿਆਂ ਕਿੰਨੀਆਂ ਸਦੀਆਂ ਲੱਗ ਜਾਂਦੀਆਂ ਹਨ ਪਰ ਤਬਾਹ ਕਰਨ ਲੱਗਿਆਂ ਤਾਂ ਇਕ ਛਿਨ ਲੱਗਦਾ ਹੈ। ਜੋੜਨ ਲੱਗਿਆਂ ਕਲਾ ਚਾਹੀਦੀ ਹੈ ਪਰ ਤੋੜਨ ਲਈ ਕਿਸੇ ਕਲਾ ਦੀ ਲੋੜ ਨਹੀਂ।

ਸ਼ਾਇਦ ਇਸੇ ਲਈ ਕੁਝ ਸਤ ਪੁਰਸ਼ਾਂ ਨੇ ਕਿਹਾ ਸੀ ਕਿ ਜੋੜਨ ਵਰਗਾ ਪੁੰਨ ਕੋਈ ਨਹੀਂ ਅਤੇ ਤੋੜਨ ਵਰਗਾ ਪਾਪ ਕੋਈ ਨਹੀਂ। ਚੰਚਲ ਮਨ ਵਿਚੋਂ ਜੋੜਨ ਵਾਲਾ ਫੁਰਨਾ ਤਾਂ ਕੋਈ ਨਿਕਲਦਾ ਨਹੀਂ ਸਿਰਫ਼ ਤੋੜਨ ਵਾਲੇ ਫੁਰਨੇ ਹੀ ਨਿਕਲਦੇ ਹਨ। ਧਾਰਮਿਕ ਸਾਧਨਾ ਕਰਨ ਵਾਲਿਆਂ ਨੇ, ਜਿਨ੍ਹਾਂ ਨੇ ਜੀਵਨ ਭਰ ਦੀ ਘਾਲਣਾ ਇਸ ਮਨ ਦੇ ਪਿਛੇ ਲੱਗ ਕੇ ਤਬਾਹ ਕਰ ਲਈ, ਉਨ੍ਹਾਂ ਨੇ ਕਿਹਾ ਹੈ ਕਿ ਇਸ ਮਨ ਦਾ ਕਦੀ ਭਰੋਸਾ ਨਾ ਕਰੋ। ਗੁਰਬਾਣੀ ਵਿਚ ਵੀ ਕਿਹਾ ਹੈ ਕਿ ਇਹ ਮਨ ਧੋਖੇਬਾਜ਼ ਹੈ। ਹੇ ਖੋਟੇ ਮਨ ਤੇਰਾ ਭਰੋਸਾ ਨਹੀਂ ਜਿਵੇਂ ਗਧੇ ਦਾ ਕੀ ਭਰੋਸਾ ਹੈ ਕਦੋਂ ਲੱਤ ਮਾਰ ਦੇਵੇ। ਉਸ ਦੀਆਂ ਲੱਤਾਂ ਦਾ ਰੱਸਾ ਵੀ ਉਸ ਉਤੇ ਭਾਰ ਲੱਦ ਕੇ ਹੀ ਖੋਲ੍ਹਿਆ ਜਾਂਦਾ ਹੈ ਇਸੇ ਤਰ੍ਹਾਂ ਤੈਨੂੰ ਵੀ ਗੁਰ ਸ਼ਬਦ ਦੇ ਰੱਸੇ ਨਾਲ ਬੰਨ੍ਹਣਾ ਚਾਹੀਦਾ ਹੈ ਅਤੇ ਗੁਰਮਤਿ ਦਾ ਭਾਰ ਤੇਰੇ ਉਤੋਂ ਕਦੀ ਨਹੀਂ ਉਤਾਰਨਾ ਚਾਹੀਦਾ। ਜਿਨ੍ਹਾਂ ਨੇ ਮਨ ਨੂੰ ਖੁਲ੍ਹਾ ਤੇ ਅਵਾਰਾ ਛੱਡ ਦਿੱਤਾ ਉਨ੍ਹਾਂ ਦੇ ਪੱਲੇ ਜੀਵਨ ਭਰ ਦਾ ਪਛਤਾਵਾ ਹੀ ਪਿਆ ਹੈ. ਮਨ ਦੀ ਚੰਚਲਤਾ ਦੇ ਹੁੰਦਿਆਂ ਅੱਜ ਤੱਕ ਵਿਗਾਸੁ ਕਿਸੇ ਨੂੰ ਪ੍ਰਾਪਤ ਨਹੀਂ ਹੋ ਸਕਿਆ। ਕਈ ਸੱਜਣਾਂ ਨੇ ਸਵੇਰੇ ਸ਼ਾਮ ਕੁਝ ਪਾਠ ਪੂਜਾ ਕਰਕੇ ਇਹ ਧਾਰਨਾ ਬਣਾ ਲਈ ਹੈ ਕਿ ਅਸੀਂ ਧਰਮ ਕਮਾ ਲਿਆ ਹੈ। ਅਸੀਂ ਸਵੇਰੇ ਪਾਠ ਕਰ ਲਿਆ ਹੈ ਸ਼ਾਮੀਂ ਪਾਠ ਕਰ ਲਿਆ ਹੈ। ਕਿਸੇ ਨੇ ਮੂਰਤੀ ਪੂਜਾ ਕਰ ਲਈ, ਧੂਪ ਦੀਪ ਕਰ ਲਈ, ਜੋਤ ਜਗਾ ਦਿੱਤੀ, ਮੱਥਾ ਟੇਕ ਦਿੱਤਾ। ਕਿਸੇ ਨੇ ਨਮਾਜ਼ ਪੜ੍ਹ ਲਈ, ਰੋਜ਼ੇ ਰੱਖ ਲਏ ਅਤੇ ਕਿਸੇ ਨੇ ਵਰਤ ਰੱਖ ਲਏ, ਪਰ ਇਸ ਪਾਸੇ ਕਿਸੇ ਭਾਗਾਂ ਵਾਲੇ ਨੇ ਹੀ ਧਿਆਨ ਦਿੱਤਾ ਹੋਵੇਗਾ ਕਿ ਮੈਂ ਥੋੜ੍ਹਾ ਜਿਹਾ ਸਮਾਂ ਬੰਦਗੀ ਕਰਕੇ ਬਾਕੀ ਦਾ ਸਾਰਾ ਸਮਾਂ ਕਿਵੇਂ ਬਿਤਾਇਆ ਹੈ। ਰਾਤ ਪਾਠ ਪੂਜਾ ਤੋਂ ਬਾਅਦ ਸਾਰੀ ਰਾਤ ਕਿਵੇਂ ਬੀਤੀ ਹੈ। ਅੰਮ੍ਰਿਤ ਵੇਲੇ ਪਾਠ ਤੋਂ ਬਾਅਦ ਸਾਰਾ ਦਿਨ ਕਿਵੇਂ ਬਤੀਤ ਹੋਇਆ ਹੈ। ਕਿਤੇ ਐਸਾ ਤਾਂ ਨਹੀਂ ਹੁੰਦਾ ਕਿ ਦਿਨ ਰਾਤ ਬੰਦਾ ਨਵੇਂ ਤੋਂ ਨਵਾਂ ਗੁਨਾਹ ਕਰ ਰਿਹਾ ਹੋਵੇ ਅਤੇ ਸਵੇਰੇ ਸ਼ਾਮ ਦੀ ਬੰਦਗੀ ਕਰਕੇ ਇਹ ਭਰਮ ਪਾਲ ਰਿਹਾ ਹੋਵੇ ਕਿ ਜਿਹੜੇ ਪਾਪ ਪਏ ਸਨ ਉਹ ਬਖ਼ਸ਼ੇ ਗਏ ਹਨ। ਮਨ ਤਾਂ ਇੰਨਾ ਚੰਚਲ ਹੈ ਕਿ ਇਕ ਛਿਨ ਵੀ ਇਸ ਨੂੰ ਖੁਲ੍ਹ ਦੇ ਦਿੱਤੀ ਜਾਏ ਤਾਂ ਇਹ ਉਮਰ ਦੀ ਕੀਤੀ ਹੋਈ ਕਮਾਈ ਤਬਾਹ ਕਰ ਦਿੰਦਾ ਹੈ ਪਰ ਜਿਨ੍ਹਾਂ ਨੇ ਸੱਤ ਪਹਿਰ ਮਨ ਨੂੰ ਖੁਲ੍ਹ ਦੇ ਰੱਖੀ ਹੈ ਉਨ੍ਹਾਂ ਦੀ ਕੀਤੀ ਇਕ ਪਹਿਰ ਦੀ ਕਮਾਈ ਦਾ ਵੀ ਕੀ ਬਚਿਆ ਹੋਵੇਗਾ।

ਸਤਿਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਰਾਤ ਦੇ ਚੌਥੇ ਪਹਿਰ ਭਾਵ ਅੰਮ੍ਰਿਤ ਵੇਲੇ ਸੁਰਤ ਵਾਲੇ ਗੁਰਮੁਖਾਂ ਦੇ ਮਨ ਵਿਚ ਚਾਅ ਪੈਦਾ ਹੋ ਜਾਂਦਾ ਹੈ। ਜਿਹੜੇ ਸਿਮਰਨ ਭਜਨ ਦੇ ਦਰਿਆ ਹਨ ਉਨ੍ਹਾਂ ਸਤਸੰਗੀਆਂ ਨਾਲ ਉਨ੍ਹਾਂ ਦੀ ਦੋਸਤੀ ਹੈ-ਭਾਵ ਸੰਗ ਹੈ। ਜਿਨ੍ਹਾਂ ਦੇ ਮਨ ਵਿਚ ਤੇ ਮੂੰਹ ਵਿਚ ਸਦਾ ਥਿਰ ਰਹਿਣ ਵਾਲੇ ਸੱਚੇ ਪ੍ਰਭੂ ਦਾ ਨਾਂ ਹੈ। ਪਰ ਇਹ ਅੰਮ੍ਰਿਤ ਵੇਲਾ ਸਾਂਭ ਕੇ ਸੱਤ ਪਹਿਰ ਅਵੇਸਲੇ ਨਹੀਂ ਹੋ ਜਾਣਾ ਚਾਹੀਦਾ। ਰਹਿੰਦੇ ਸੱਤ ਪਹਿਰ ਵੀ ਉਨ੍ਹਾਂ ਪੜ੍ਹਿਆਂ ਦੇ ਪਾਸ ਬੈਠਣਾ ਚਾਹੀਦਾ ਹੈ ਜਿਨ੍ਹਾਂ ਨੇ ਇਹ ਪੜ੍ਹਿਆ ਹੈ ਕਿ ਖੋਟੀ ਕੀ ਹੈ ਤੇ ਖਰਾ ਕੀ ਹੈ। ਜਿਨ੍ਹਾਂ ਨੇ ਇਹ ਪੜ੍ਹਿਆ ਹੈ ਕਿ ਕੂੜ ਕੀ ਹੈ ਤੇ ਸੱਚ ਕੀ ਹੈ, ਪਾਪ ਕੀ ਹੈ ਤੇ ਪੁੰਨ ਕੀ ਹੈ ਜਿਨ੍ਹਾਂ ਦੀ ਵਿਚਾਰ ਇਕ ਤੱਕੜੀ ਦੀ ਤਰਵਾਂ ਹੈ। ਪੂਰਾ ਤੋਲਣਾ ਜਿਨ੍ਹਾਂ ਨੂੰ ਆਉਂਦਾ ਹੈ ਐਸੇ ਸਤਸੰਗੀਆਂ ਦੇ ਪਾਸ ਬੈਠਿਆਂ ਕੂੜ ਦੀ ਰਾਸ ਘਟ ਜਾਂਦੀ ਹੈ, ਪਾਪਾਂ ਦੀ ਪੋਟ ਖਤਮ ਹੋ ਜਾਂਦੀ ਹੈ। ਜੀਵਨ ਦਾ ਸਾਰਾ ਖੋਟ ਉਹ ਇੰਜ ਬਾਹਰ ਕੱਢ ਕੇ ਸੁੱਟ ਦਿੰਦੇ ਹਨ ਜਿਵੇਂ ਕੋਈ ਸੁਨਿਆਰਾ ਸੋਨੇ ਨੂੰ ਤਾਅ ਦੇ ਕੇ ਉਸਦੀ ਸਾਰੀ ਮੈਲ ਕੱਢ ਦਿੰਦਾ ਹੈ। ਸਤਸੰਗ ਇਕ ਐਸੀ ਅਗਨੀ ਹੈ ਜਿਸ ਵਿਚੋਂ ਗੁਜਰ ਕੇ ਮਨੁੱਖ ਦਾ ਜੀਵਨ ਪਵਿੱਤਰ ਜੀਵਨ ਹੋ ਜਾਂਦਾ ਹੈ। ਗੁਰੂ ਸਰਾਫ਼ ਦੀ ਨਜ਼ਰ ਵਿਚ ਜਿਹੜਾ ਪ੍ਰਵਾਨ ਹੋ ਜਾਏ ਫਿਰ ਸ਼ੱਕ ਵਾਲੀ ਗੱਲ ਕੋਈ ਨਹੀਂ ਹੁੰਦੀ, ਵਾਰ-ਵਾਰ ਉਸ ਨੂੰ ਪਰਖਣ ਦੀ ਲੋੜ ਨਹੀਂ ਪੈਂਦੀ।

**ਅਠੀ ਪਹਰੀ ਅਠ ਖੰਡ, ਨਾਵਾ ਖੰਡ ਸਰੀਰੁ॥**

**ਤਿਸੁ ਵਿਚਿ ਨਉ ਨਿਧਿ ਨਾਮੁ ਏਕੁ, ਭਾਲਹਿ ਗੁਣੀ ਗਹੀਰੁ॥**

**ਕਰਮਵੰਤੀ ਸਾਲਾਹਿਆ, ਨਾਨਕ ਕਰਿ ਗੁਰ ਪੀਰੁ॥**

ਸਤਿਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਅਸੀਂ ਨੌਂ ਖੰਡ ਪ੍ਰਿਥਵੀ ਕਹਿੰਦੇ ਹਾਂ। ਜੇ ਅਸੀਂ ਨੌਵਾਂ ਖੰਡ ਸਰੀਰ ਨੂੰ ਮੰਨ ਲਈਏ ਤਾਂ ਇਹ ਸਰੀਰ ਨਉ ਨਿਧ ਰੂਪ ਪ੍ਰਮਾਤਮਾ ਦਾ ਨਾਮ ਹੈ। ਉਸ ਗੁਣਾਂ ਦੇ ਗਹਿਰੇ ਸਮੁੰਦਰ ਨੂੰ ਭਾਗਾਂ ਵਾਲੇ ਬੰਦੇ ਮੁਰਸ਼ਦ ਦਾ ਆਸਰਾ ਲੈ ਕੇ ਖੋਜਦੇ ਹਨ।

**ਚਉਥੈ ਪਹਿਰ ਸਬਾਹ ਕੈ ਸੁਰਤਿਆ ਉਪਜੈ ਚਾਉ॥**

**ਤਿਨਾ ਦਰੀਆਵਾਂ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥**

ਅੰਮ੍ਰਿਤ ਵੇਲੇ, ਰਾਤ ਦੇ ਚੌਥੇ ਪਹਿਰ ਭਾਵ ਤਿੰਨ ਵਜੇ ਤੋਂ ਛੇ ਵਜੇ ਤੱਕ ਸੁਰਤ ਵਾਲੇ ਬੰਦਿਆਂ ਦੇ ਮਨ ਵਿਚ ਬੜਾ ਚਾਅ ਪੈਦਾ ਹੁੰਦਾ ਹੈ। ਉਨ੍ਹਾਂ ਦੀ ਮਿੱਤਰਤਾ ਉਨ੍ਹਾਂ ਗੁਰਮੁਖਾਂ ਨਾਲ ਬਣਦੀ ਹੈ ਜਿਨ੍ਹਾਂ ਦੇ ਮਨ ਵਿਚ ਤੇ ਮੂੰਹ ਵਿਚ ਸੱਚਾ ਨਾਮ ਵਸਦਾ ਹੈ ਉਹ ਦਰਿਆ ਹਨ। ਉਨ੍ਹਾਂ ਦੇ ਅੰਦਰ ਸ਼ਬਦ ਸੁਰਤ ਦਾ ਪ੍ਰਵਾਹ ਚੱਲਦਾ ਹੀ ਰਹਿੰਦਾ ਹੈ ਜਿਸ ਪ੍ਰਵਾਹ ਦੇ ਅੱਗੇ ਸਾਰੇ ਅਵਗੁਣ ਕੱਖਾਂ ਵਾਂਗੂੰ ਰੁੜ੍ਹ ਜਾਂਦੇ ਹਨ।

**ਉਥੈ ਅੰਮ੍ਰਿਤ ਵੰਡੀਐ ਕਰਮੀ ਹੋਇ ਪਸਾਉ॥**

**ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥**

**ਜੇ ਹੋਵੈ ਨਦਰ ਸਰਾਫ ਕੀ, ਬਹੁੜਿ ਨ ਪਾਈ ਤਾਉ ॥**

ਐਸੇ ਗੁਰਮੁਖਾਂ ਦੀ ਸੰਗਤ ਵਿਚ ਅੰਮ੍ਰਿਤ ਵਰਤਾਇਆ ਜਾਂਦਾ ਹੈ। ਪ੍ਰਭੂ ਦੀ ਮਿਹਰ ਨਾਲ ਇਸ ਸੰਗਤ ਵਿਚ ਪਹੁੰਚਿਆ ਨੂੰ ਨਾਮ ਦੀ ਦਾਤ ਮਿਲਦੀ ਹੈ। ਜਿਵੇਂ ਅੱਗ ਵਿਚੋਂ ਗੁਜ਼ਰੇ ਸੋਨੇ ਨੂੰ ਕਸਵੱਟੀ 'ਤੇ ਲਾਇਆ ਜਾਂਦਾ ਹੈ ਤਾਂ ਉਸ ਦਾ ਸੁੰਦਰ ਰੰਗ ਵੇਖ ਕੇ ਸਰਾਫ਼ ਖੁਸ਼ ਹੋ ਜਾਂਦਾ ਹੈ। ਕਹਿੰਦਾ ਹੈ ਇਹ ਸ਼ੁਧ ਹੈ ਇਸਨੂੰ ਹੋਰ ਤਪਾਉਣ ਦੀ ਲੋੜ ਨਹੀਂ। ਅੰਮ੍ਰਿਤ ਵੇਲਾ ਸਾਂਭ ਕੇ ਸਤਸੰਗਤ ਦੀ ਘਾਲਣਾ ਦੀ ਅਗਨੀ ਵਿਚੋਂ ਜਿਹੜਾ ਗੁਰਮੁਖ ਗੁਜ਼ਰਦਾ ਹੈ ਉਹ ਵੀ ਸ਼ੁਧ ਸੋਨਾ ਹੋ ਜਾਂਦਾ ਹੈ। ਗੁਰੂ ਸਰਾਫ ਵੇਖ ਕੇ ਪ੍ਰਵਾਨਗੀ ਦਾ ਨਿਸ਼ਾਨ ਬਖਸ਼ਸ ਕਰ ਦਿੰਦਾ ਹੈ ਕਿ ਇਹ ਸਚਿਆ ਹੈ, ਇਹ ਗੁਰਮੁਖ ਹੈ ਇਹ ਹੁਕਮੀ ਬੰਦਾ ਹੈ ਇਹ ਖ਼ਾਲਸ ਖ਼ਾਲਸਾ ਹੈ ਇਸ ਵਿਚ ਮੈਲ ਕੋਈ ਨਹੀਂ-ਇਹ ਸ਼ੁਧ ਹੈ।

ਅੱਠਵਾਂ ਪਹਿਰ ਪ੍ਰਭੂ ਦੇ ਚਰਨਾਂ ਵਿਚ ਲਗਾ ਕੇ ਸੱਤ ਪਹਿਰ ਕੀ ਕਰਨਾ ਹੈ ਜਿਹੜੀ ਪੜ੍ਹਾਈ ਅੰਮ੍ਰਿਤ ਵੇਲੇ ਕੀਤੀ ਹੈ ਬਾਕੀ ਸੱਤਾਂ ਪਹਿਰਾਂ ਵਿਚ ਉਸਨੂੰ ਕਰਨੀ ਦਾ ਰੂਪ ਦੇਣਾ ਹੈ। ਗੁਰਦੁਆਰੇ ਸਤ ਸਿਖਿਆ ਸੀ ਪਰ ਵਿਵਹਾਰ ਵਿਚ ਸਤ ਕਮਾਉਣਾ ਹੈ। ਉਹ ਪੜ੍ਹਾਈ ਕੀ ਹੋਈ ਜਿਹੜੀ ਕਿਸੇ ਕਰਮ ਵਿਚ ਕੰਮ ਨਾ ਆ ਸਕੇ। ਸਿਰਫ਼ ਪੜ੍ਹਨ ਵਾਸਤੇ ਹੀ ਹੋਵੇ ਸਤਿਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ-

**ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥**

**ਉਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥**

ਪਾਪ ਪੁੰਨ ਦੀ ਵੀਚਾਰ ਕੀ ਹੈ ਜਿਸ ਨਾਲ ਕੂੜ ਦੀ ਰਾਸ ਘਟ ਜਾਏ। ਸਤ ਕੀ ਹੈ ਜਿਸ ਦੇ ਸਾਹਮਣੇ ਕੂੜ ਭਸਮ ਹੋ ਜਾਏ। ਜਿਵੇਂ ਪ੍ਰਕਾਸ਼ ਦੇ ਸਾਹਮਣੇ ਅੰਨ੍ਹੇਰਾ ਨਹੀਂ ਰਹਿੰਦਾ।

**ਉਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸ ॥**

ਐਸੇ ਪੜ੍ਹਿਆ ਦੇ ਪਾਸ ਬੈਠਿਆਂ ਜੀਵਨ ਦਾ ਖੋਟ ਮੁੱਕ ਜਾਂਦਾ ਹੈ। ਖੋਟੇ ਕਰਮਾ ਨੂੰ, ਖੋਟੇ ਬਚਨਾਂ ਨੂੰ, ਖੋਟੇ ਵਿਚਾਰਾਂ ਨੂੰ ਸੁਟ ਦੇਈਦਾ ਹੈ ਤੇ ਖਰੇ ਕਰਮਾਂ ਦੀ ਸ਼ੋਭਾ ਕਰੀਦੀ ਹੈ।

**ਬੋਲਣੁ ਫਾਦਲੁ ਨਾਨਕਾ, ਦੁਖ ਸੁਖ ਖਸਮੈ ਪਾਸਿ ॥**

(**ਸਲੋਕ ਮ ੨ ਪੰਨਾ ੧੪੬**)

ਐਸੀ ਸੰਗਤ ਵਿਚ ਜੀਵਨ ਦਾ ਇਕ ਬੜਾ ਵੱਡਾ ਦੁੱਖ ਮੁੱਕਦਾ ਹੈ। ਉਹ ਦੁੱਖ ਹੈ, ਦੁੱਖ ਦਾ ਗਿਲਾ, ਐਸਾ ਵਿਚਾਰ ਸਾਹਮਣੇ ਆ ਜਾਂਦਾ ਹੈ ਕਿ ਦੁੱਖ-ਸੁੱਖ ਉਹ ਆਪ ਹੀ ਦਿੰਦਾ ਹੈ। ਇਹ ਦੁੱਖ ਵੀ ਮੇਰੇ ਭਲੇ ਵਾਸਤੇ ਹੀ ਆਇਆ ਹੋਵੇਗਾ।

ਐਸੇ ਪੜ੍ਹਿਆਂ ਦੇ ਪਾਸ ਬੈਠਣਾ ਹੈ ਜਿਨ੍ਹਾਂ ਦੇ ਪੱਲੇ ਸਤ ਹੈ, ਜਿਨ੍ਹਾਂ ਦੇ ਪਾਸ ਬੈਠਿਆਂ ਕੂੜ ਦੀ ਰਾਸ ਪੂੰਜੀ ਘਟਦੀ ਹੈ, ਜਿਨ੍ਹਾਂ ਦੇ ਪਾਸ ਬੈਠਿਆਂ ਜੀਵਨ ਦਾ ਖੋਟ ਮੁਕਦਾ ਹੈ ਅਤੇ ਜੀਵਨ ਦਾ ਸੱਚ ਪ੍ਰਗਟ ਹੁੰਦਾ ਹੈ। ਮਨੁੱਖ ਅੰਦਰ ਸੱਚ ਦਾ ਪ੍ਰਕਾਸ਼ ਹੁੰਦਾ ਹੈ ਅਗਿਆਨਤਾ ਦਾ ਅੰਨ੍ਹੇਰਾ ਮੁੱਕ ਜਾਂਦਾ ਹੈ। ਇਥੇ ਪੜ੍ਹੇ ਦਾ ਭਾਵ ਨਿਰਾ ਕੋਈ ਭਾਸ਼ਾ ਪੜ੍ਹਿਆ ਹੀ ਨਹੀਂ, ਐਸੇ ਪੜ੍ਹੇ ਵੇਖੀਏ ਤਾਂ ਰਾਵਣ ਬਹੁਤ ਪੜ੍ਹਿਆ ਸੀ, ਅਜਾਮਲ ਬਹੁਤ ਪੜ੍ਹਿਆ ਸੀ। ਜੇ ਜਾਤ ਭਾਈਆਂ ਨੂੰ ਮੁਕਤ ਕਰਾਉਣ ਦੀ ਬਜਾਏ ਕਿਸੇ ਫਾਹੀ ਵਿਚ ਹੀ ਫਸਾਉਣਾ ਹੈ ਤਾਂ ਫਿਰ ਸਤਿਗੁਰੂ ਬਾਜ਼ ਦੂਸਰੇ ਬਾਜ਼ਾਂ ਨੂੰ ਲਿਆ ਫਸਾਉਂਦਾ ਹੈ, ਪੜ੍ਹਾਇਆ ਹਿਰਨ ਦੂਸਰੇ ਹਿਰਨਾਂ ਨੂੰ ਲਿਆ ਕੇ ਫਸਾ ਦਿੰਦਾ ਹੈ। ਐਸਾ ਪੜ੍ਹਿਆ ਬੰਦਾ ਜਿਹੜਾ ਆਪ ਬੰਧਨਾ ਵਿਚ ਹੈ ਦੂਸਰਿਆਂ ਦੇ ਗਲ ਵਿਚ ਫਾਹੀ ਪੁਆ ਦਿੰਦਾ ਹੈ :

**ਹਰਣਾਂ ਬਾਜ਼ਾਂ ਤੇ ਸਿਕਦਾਰਾਂ, ਏਨਾ ਪੜਿਆ ਨਾਉ ॥**

**ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥**

ਫਿਰ ਪੜ੍ਹਿਆ ਕੌਣ ਹੈ ਜਿਸ ਦੇ ਪਾਸ ਅਸੀਂ ਸੱਤਾਂ ਪਹਿਰਾਂ ਵਿਚੋਂ ਸਮਾਂ ਬਿਤਾਉਣਾ ਹੈ।

**ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ ॥**

**ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥**

(**ਮ :੧ ਮਲਾਰ ਕੀ ਵਾਰ ਪੰਨਾ ੧੨੮੮**)

ਜਿਹੜੇ ਆਪ ਮੁਕਤ ਹਨ ਉਹ ਹੀ ਦੂਸਰੇ ਦੇ ਬੰਧਨ ਖੋਲ੍ਹ ਸਕਦੇ ਹਨ ਐਸਾ ਪੜ੍ਹਿਆ ਤੇ ਮੁਕਤ ਸਤਿਗੁਰੂ ਹੈ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਫੁਰਮਾਉਂਦੇ ਹਨ :

**ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥**
**ਆਪਿ ਮਿਲਾਇ ਲਏ ਪ੍ਰਭੁ ਸੋਇ ॥**
**ਓਹ ਧਨਵੰਤ ਕੁਲਵੰਤ ਪਤਿਵੰਤੁ ॥**
**ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥**
**ਧੰਨੁ ਧੰਨੁ ਧੰਨੁ ਜਨ ਆਇਆ ॥**
**ਜਿਸ ਪ੍ਰਸਾਦਿ ਸਭੁ ਜਗਤੁ ਤਰਾਇਆ ॥**
**ਜਨ ਆਵਨ ਕਾ ਇਹੈ ਸੁਆਉ ॥**
**ਜਨ ਕੈ ਸੰਗਿ ਚਿਤਿ ਆਵੈ ਨਾਉ ॥**
**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥**
**ਨਾਨਕ ਤਿਸ ਜਨ ਕਉ ਸਦਾ ਨਮਸਕਾਰੁ ॥**

(**ਮ : ੫ ਪੰਨਾ ੨੯੪**)

ਐਸਾ ਪੜ੍ਹਿਆ ਤਾਂ ਸਤਿਗੁਰੂ ਹੈ, ਐਸੀ ਵਿੱਦਿਆ ਸਤਿਗੁਰੂ ਪਾਸੋਂ ਗੁਰੂ ਕੀ ਸਾਧ ਸੰਗਤ ਨੇ ਪੜ੍ਹੀ ਹੈ, ਐਸੇ ਪੜ੍ਹਿਆਂ ਦੇ ਪਾਸ ਬੈਠਣਾ ਹੈ। ਮੇਰੇ ਲਿਖਣ ਤੋਂ ਇਹ ਭਾਵ ਨਹੀਂ ਕਿ ਅਸੀਂ ਅੱਖਰ ਨਹੀਂ ਪੜ੍ਹਨੇ। ਜਿਹੜਾ ਅੱਖਰ ਵੀ ਨਾ ਪੜ੍ਹੇ ਉਹ ਤਾਂ ਪਸ਼ੂ ਸਮਾਨ ਰਹਿ ਜਾਂਦਾ ਹੈ। ਮੇਰਾ ਭਾਵ ਹੈ ਕਿ ਅੱਖਰਾਂ 'ਤੇ ਰੁਕਣਾ ਨਹੀਂ ਅੱਖਰਾਂ ਤੋਂ ਅੱਗੇ ਕਰਨੀ ਦਾ ਜੀਵਨ ਜੀਉਣਾ ਹੈ ਤੇ ਉਸ ਅੱਖਰ ਤੱਕ ਪੁੱਜਣਾ ਹੈ ਜਿਹੜਾ ਮਨ ਵਿਚ ਵਸ ਜਾਏ ਤਾਂ ਨਿਹਾਲ ਹੋ ਜਾਈਦਾ ਹੈ।

**ਏਕ ਅਖਰ ਹਰਿ ਮਨਿ ਬਸਤ, ਨਾਨਕ ਹੋਤ ਨਿਹਾਲ ॥**

(**ਮ : ੫ ਪਉੜੀ ਬਾਵਨ ਅਖਰੀ ਪੰਨਾ ੨੬੧**)

ਦੋ ਵਿਦਵਾਨ ਇਕ ਲਫ਼ਜ਼ 'ਤੇ ਵਿਚਾਰ ਕਰ ਰਹੇ ਸਨ। ਇਕ ਮਛੇਰੇ ਨੇ ਉਨ੍ਹਾਂ ਦੀ ਕੁਝ ਸੇਵਾ ਕੀਤੀ, ਮੱਛੀਆਂ ਦਿੱਤੀਆਂ ਤੇ ਆਲਮਾਂ ਦੀ ਚਰਚਾ ਸੁਣਦਾ ਰਿਹਾ ਸੀ। ਚਰਚਾ ਸੀ 'ਮੁਖੰਨਸ' ਤੇ ਇਸਦਾ ਅਰਥ ਹੈ ਖੁਸਰਾ, ਹੀਜੜਾ। ਆਲਮ ਕਹਿ ਰਹੇ ਸਨ ਇਹ ਸ਼ਬਦ ਐਸਾ ਹੈ ਨਾ ਪੁਲਿੰਗ ਹੈ ਨਾ ਇਸਤਰੀ ਲਿੰਗ ਇਹ ਨਾ ਮੋਨਸ ਹੈ ਨਾ ਮੁਜ਼ੱਕਰ ਹੈ। ਦੇਰ ਬਾਅਦ ਮਛੇਰੇ ਨੇ ਇਕ ਅਜੀਬ ਮੱਛੀ ਫੜੀ। ਬਾਦਸ਼ਾਹ ਦੇ ਪੇਸ਼ ਕੀਤੀ ਕਿ ਬਾਦਸ਼ਾਹ ਇਸ ਮੱਛੀ ਨੂੰ ਆਪਣੇ ਸਰੋਵਰ ਵਿਚ ਰੱਖੇ ਇਹ ਸਰੋਵਰ ਦੀ ਸ਼ਾਨ ਹੈ। ਬਾਦਸ਼ਾਹ ਨੇ ਪ੍ਰਸੰਨ ਹੋ ਕੇ ਦਸ ਹਜ਼ਾਰ ਰੁਪਿਆ ਇਨਾਮ ਦਿੱਤਾ। ਇਕ ਵਜ਼ੀਰ ਬੜਾ ਈਰਖਾਲੂ ਸੀ। ਉਸਨੇ ਈਰਖਾ-ਵੱਸ ਬਾਦਸ਼ਾਹ ਨੂੰ ਐਸਾ ਕਿਹਾ ਕਿ ਜਹਾਂਪਨਾਹ ਜੇ ਕਿਤ ਇਹ ਜੋੜਾ ਹੁੰਦਾ ਤਾਂ ਬੜਾ ਸੁੰਦਰ ਲੱਗਦਾ। ਜੇ ਇਹ ਨਰ ਹੈ ਤਾਂ ਇਹ ਮਦੀਨ ਹੋਰ ਪਕੜ ਕੇ ਲਿਆਵੇ, ਜੇ ਇਹ ਮਦੀਨ ਹੈ ਤਾਂ ਨਰ

ਪਕੜ ਕੇ ਲਿਆਵੇ ਇਹ ਜੋੜਾ ਬਣਾ ਦੇਵੇ। ਮਛੇਰੇ ਨੂੰ ਪਤਾ ਸੀ ਕਿ ਐਸੀ ਮੱਛੀ ਜ਼ਿੰਦਗੀ ਵਿਚ ਸਿਰਫ਼ ਇਕ ਹੀ ਮੈਂ ਪਕੜੀ ਹੈ ਦੂਸਰੀ ਨਹੀਂ ਮਿਲੇਗੀ। ਪਰ ਬਾਦਸ਼ਾਹ ਦਾ ਹੱਠ ਆਪਣਾ ਹੈ। ਹੁਣ ਮੇਰੀ ਖ਼ੈਰ ਨਹੀਂ। ਵਜ਼ੀਰ ਦਾ ਦਾਉ ਚੱਲ ਗਿਆ ਹੈ।

ਅਚਾਨਕ ਮਛੇਰੇ ਨੂੰ ਦੋ ਆਲਮਾਂ ਦੀ ਚਰਚਾ ਯਾਦ ਆ ਗਈ ਤੇ ਉਹ ਕਹਿਣ ਲੱਗਾ, "ਬਾਦਸ਼ਾਦ ਸਲਾਮਤ ਇਹ ਨਾ ਨਰ ਹੈ ਨਾ ਮਦੀਨ ਹੈ ਇਹ ਮੁਖੰਨਸ ਹੈ। ਇਹ ਇਕੱਲਾ ਹੀ ਹੁੰਦਾ ਹੈ ਇਸ ਦਾ ਜੋੜਾ ਹੁੰਦਾ ਹੀ ਨਹੀਂ। ਬਾਦਸ਼ਾਹ ਖੁਸ਼ ਹੋ ਗਿਆ। ਵਜ਼ੀਰ ਦਾ ਮੂੰਹ ਬੰਦ ਹੋ ਗਿਆ। ਮਛੇਰੇ ਨੇ ਉਨ੍ਹਾਂ ਆਲਮਾਂ ਦਾ ਲੱਖ-ਲੱਖ ਸ਼ੁਕਰ ਕੀਤਾ ਤੇ ਕਿਹਾ ਕਿ ਭਲੇ ਲੋਕੋ ਜੇ ਘੜੀ ਤੁਹਾਡੇ ਪਾਸ ਨਾ ਬੈਠਾ ਹੁੰਦਾ ਤਾਂ ਅੱਜ ਮੇਰੀ ਖ਼ੈਰ ਨਹੀਂ ਸੀ।

ਇਹ ਤਾਂ ਦੁਨਿਆਵੀ ਪੜ੍ਹਾਈ ਦੀ ਗੱਲ ਹੈ ਪਰ ਜਿਨ੍ਹਾਂ ਨੇ ਪ੍ਰਮਾਤਮਾ ਨਾਲ ਜੁੜ ਕੇ ਸਤ ਨੂੰ ਪੜ੍ਹਿਆ ਹੈ ਉਨ੍ਹਾਂ ਪੜ੍ਹਿਆ ਦੇ ਪਾਸ ਬੈਠ ਜਾਈਏ ਤਾਂ ਜਮਾਂ ਦੀ ਫਾਹੀ ਤੋਂ ਮੁਕਤ ਹੋ ਜਾਈਦਾ ਹੈ। ਇਕ ਅਦੀਬ ਕਹਿੰਦੇ ਹਨ :

**ਹਮ ਨਸ਼ੀਨੀ ਆਰਫੋਂ ਸੇ ਮਿਲਤੀ ਹੈ ਜ਼ਿੰਦਗੀ ਅਬਦ,**
**ਸੋਹਬਤੇ ਨਾਦਾਨ ਗੋਯਾ ਮੌਤ ਕਾ ਪੈਗ਼ਾਮ ਹੈ।**

ਐਸੀ ਵਿਗਾਸ ਤੇ ਵਿਕਾਸ ਵਾਲੀ ਜ਼ਿੰਦਗੀ ਤਾਂ ਹੀ ਮਿਲੇਗੀ ਜੇ ਬਹੀਐ ਪੜਿਆ ਪਾਸਿ।

# ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਪ੍ਰਮੁੱਖ ਸਹਿਯੋਗੀ


**ਡਾ. ਜਸਵੰਤ ਸਿੰਘ**

## ਗਿਆਨੀ ਚੇਤ ਸਿੰਘ (1902-2000)

ਗਿਆਨੀ ਚੇਤ ਸਿੰਘ ਦਾ ਜਨਮ 15 ਮਾਰਚ 1902 ਈ. ਨੂੰ ਪਿੰਡ ਭਖੜੇਵਾਲੀ ਜ਼ਿਲ੍ਹਾ ਗੁਜਰਾਤ ਵਿਚ ਹੋਇਆ। ਉਹਨਾਂ ਆਪਣੇ ਪਿੰਡ ਦੇ ਗ੍ਰੰਥੀ ਤੋਂ ਪੰਜਾਬੀ ਸਿੱਖੀ। ਉਹਨਾਂ ਨੇ ਉਰਦੂ ਮਾਧਿਅਮ ਵਿਚ ਪੰਜਾਬੀ ਦੀ ਪ੍ਰੀਖਿਆ ਪਾਸ ਕੀਤੀ। ਪੰਡਤ ਨਰਾਇਣ ਸਿੰਘ ਦੀ ਅਗਵਾਈ ਵਿਚ ਉਹਨਾਂ ਨੇ ਗੁਰਮੁੱਖੀ, ਹਿੰਦੀ ਅਤੇ ਉਰਦੂ ਵਿਚ ਲਿਖੇ ਅਨੇਕਾਂ ਗ੍ਰੰਥਾਂ ਨੂੰ ਪੜ੍ਹਿਆ। ਉਹਨਾਂ ਨੇ 1919 ਈ. ਵਿਚ ਸੰਤ ਸਿੰਘ ਰਾਹੀਂ ਸ਼ੁਰੂ ਕੀਤੀ ਗਈ ਵਿਹਾਰ ਸੁਧਾਰ ਲਹਿਰ ਦੇ ਬਹੁਤ ਅਹਿਮ ਆਗੂਆਂ ਵਿਚੋਂ ਇਕ ਸਨ। ਉਹ 1927 ਈ. ਵਿਚ ਖੋਖਰਅਲੀ ਜ਼ਿਲ੍ਹਾ ਸਿਆਲਕੋਟ ਵਿਚ ਹੋਈ ਵਿਹਾਰ ਸੁਧਾਰ ਲਹਿਰ ਦੇ ਸਟੇਜ਼ ਸਕੱਤਰ ਸਨ। ਉਹਨਾਂ ਨੇ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਬੁੰਗਾ ਬਣਾਉਣ ਲਈ ਬਹੁਤ ਕੰਮ ਕੀਤਾ। ਉਹ 1926 ਈ. ਤੋਂ 1950 ਈ. ਤੱਕ ਉਸ ਬੁੰਗੇ ਦੇ ਸਕੱਤਰ ਰਹੇ।

ਉਹ ਸੰਤ ਪ੍ਰੇਮ ਸਿੰਘ ਦੇ ਬਹੁਤ ਨਜ਼ਦੀਕੀ ਸਾਥੀਆਂ ਵਿਚੋਂ ਇਕ ਸਨ। ਉਹਨਾਂ ਦੀ ਰਾਜਨੀਤੀ ਵਿਚ ਭੂਮਿਕਾ ਵਰਨਣਯੋਗ ਸੀ। ਉਹਨਾਂ ਨੇ ਨਾਮਿਲਵਰਤਨ ਅਤੇ ਅਕਾਲੀ ਲਹਿਰਾਂ ਵਿਚ ਬਹੁਤ ਸਰਗਰਮੀ ਨਾਲ ਹਿੱਸਾ ਲਿਆ। ਉਹਨਾਂ ਨੂੰ ਅਕਾਲੀ ਲਹਿਰ ਵਿਚ ਹਿੱਸਾ ਲੈਣ ਕਰਕੇ 20 ਮਾਰਚ 1922 ਈ. ਨੂੰ ਜੇਲ੍ਹ ਭੇਜ ਦਿੱਤਾ ਗਿਆ।

ਉਹਨਾਂ ਨੇ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ 1937 ਈ. ਅਤੇ 1946 ਈ. ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਗੁਜਰਾਤ ਅਤੇ ਸ਼ਾਹਪੁਰ ਸਿੱਖ ਪੇਂਡੂ ਹਲਕੇ ਤੋਂ ਪੂਰਾ ਸਮਰਥਨ ਕੀਤਾ ਤੇ ਸੰਤ ਪ੍ਰੇਮ ਸਿੰਘ ਦੋਵੇਂ ਵਾਰ ਬਹੁਤ ਵੱਡੇ ਫਰਕ ਨਾਲ ਜੇਤੂ ਹੋਏ। ਉਹਨਾਂ ਨੇ ਰਿਆਸਤਾਂ ਦੇ ਸ਼ਾਸ਼ਕਾਂ ਤੇ ਤਾਨਾਸ਼ਾਹੀ ਵਤੀਰੇ ਵਿਰੁੱਧ ਸ਼ੁਰੂ ਕੀਤੀ ਗਈ ਪ੍ਰਜਾ ਮੰਡਲ ਲਹਿਰ ਵਿਚ ਹਿੱਸਾ ਲਿਆ। ਇਸ ਕਰਕੇ ਉਹਨਾਂ ਨੂੰ ਫਰਵਰੀ 1943 ਵਿਚ ਕੈਦ ਕਰ ਲਿਆ ਗਿਆ ਤੇ ਬਹੁਤ ਤਸੀਹੇ ਦਿੱਤੇ ਗਏ। ਉਹਨਾਂ ਨੇ ਸ਼ਹੀਦ ਬਾਬਾ ਲਾਭ



ਸਿੰਘ ਨਾਲ ਅਜ਼ਾਦੀ ਦੇ ਸੰਗਰਾਮ ਵਿਚ ਹਿੱਸਾ ਲਿਆ। ਉਹਨਾਂ ਨੇ ਇਕ ਪੁਸਤਕ 'ਅਮਰ ਜੀਵਨ' ਲਿਖੀ, ਜਿਸ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਜੀਵਨ ਅਤੇ ਪ੍ਰਾਪਤੀਆਂ ਦਾ ਵਰਨਣ ਕੀਤਾ ਗਿਆ ਹੈ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਮਈ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

1. **ਕਾਰਜਕਾਰਨੀ ਕਮੇਟੀ ਮੀਟਿੰਗ ਬਾਰੇ** :- ਕਾਰਜਕਾਰਨੀ ਕਮੇਟੀ ਮੀਟਿੰਗ ਬਾਬਾ ਮੱਖਣ ਸਾਹ ਲੁਬਾਣਾ ਭਵਨ ਵਿਖੇ ਮਿਤੀ 04-05-2019 ਦਿਨ ਸ਼ਨੀਵਾਰ ਨੂੰ ਪ੍ਰਧਾਨ ਜਗੀਰ ਸਿੰਘ ਲਾਲੀਆ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਫਾਉਂਡੇਸ਼ਨ ਦੇ 30 ਕਾਰਜਕਾਰਨੀ ਮੈਂਬਰਾਂ ਨੇ ਭਾਗ ਲਿਆ। ਇਸ ਮੀਟਿੰਗ ਵਿਚ ਫਾਉਂਡੇਸ਼ਨ ਦੇ ਕੰਮ-ਕਾਜ ਅਤੇ ਚੱਲ ਰਹੇ ਸਭ ਮਸਲਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੁੱਖ ਤੌਰ 'ਤੇ ਵਿਚਾਰਨਯੋਗ ਮਸਲੇ ਸਮਾਜ ਸੁਧਾਰ, ਸੋਲਰ ਸਿਸਟਮ, ਐਂਬੂਲੈਂਸ ਵੈਨ/ਮੋਬਾਇਲ ਵੈਨ ਅਤੇ ਲਾਇਫ ਮੈਂਬਰ ਜਿਨ੍ਹਾਂ ਦਾ ਮੈਂਬਰਸ਼ਿਪ ਕਾਰਡ ਨਹੀਂ ਹੈ ਜਾਂ ਗੁੰਮ ਹੋ ਗਿਆ ਹੈ ਉਹ ਆਪਣਾ ਮੈਂਬਰਸ਼ਿਪ ਕਾਰਡ ਤੁਰੰਤ ਬਣਵਾ ਲੈਣ ਤਾਂ ਜੋ ਇਹ ਕਾਰਡ ਫਾਉਂਡੇਸ਼ਨ ਦੇ ਆਉਣ ਵਾਲੇ ਚੋਣਾਂ ਵਿਚ ਵੋਟਰ ਦੀ ਸ਼ਨਾਖ਼ਤ ਲਈ ਲਾਹੇਵੰਦ ਹੋਵੇਗਾ।



2. **ਓ.ਬੀ.ਸੀ. ਦੀ ਰਿਜ਼ਰਵੇਸ਼ਨ ਬਾਰੇ** :- ਇਹ ਕੇਸ ਮਾਨਯੋਗ ਹਾਈਕੋਰਟ ਵਿਖੇ ਕਾਰਵਾਈ ਅਧੀਨ ਹੈ। ਜੋ ਵੀ ਫੈਸਲਾ ਹੋਵੇਗਾ ਉਸ ਬਾਰੇ ਜਾਣੂ ਕਰਵਾ ਦਿੱਤਾ ਜਾਵੇਗਾ।

3. **ਸਮਾਜ ਸੁਧਾਰ ਬਾਰੇ** :- ਸਮਾਜ ਸੁਧਾਰ ਕਮੇਟੀ ਦੀ ਪਹਿਲੀ ਮੀਟਿੰਗ ਹੋਈ ਸੀ ਜਿਸ ਵਿਚ ਬਹੁਤ ਘੱਟ ਮੈਂਬਰਾਂ ਨੇ ਭਾਗ ਲਿਆ ਸੀ। ਨਾਮਜਦ ਸਮੂਹ ਮੈਂਬਰਾਂ ਨੂੰ ਮੁੜ ਬਨਤੀ ਕੀਤੀ ਗਈ ਹੈ ਕਿ ਕ੍ਰਿਪਾ ਅਗਲੀ ਮੀਟਿੰਗ ਵਿਚ ਸਮੂਹ ਮੈਂਬਰ ਹਿੱਸਾ ਲੈਣ। ਪਹਿਲੀ ਮੀਟਿੰਗ ਵਿਚ ਮੈਂਬਰਾਂ ਵੱਲੋਂ ਇਹ ਸੁਝਾਓ ਦਿੱਤਾ ਗਿਆ ਕਿ ਫੀਲਡ ਵਿਚ ਰਿਜ਼ਨਲ ਕਮੇਟੀਆਂ ਬਣਾਈਆਂ ਜਾਣ। ਇਹ ਵੀ ਸੁਝਾਓ ਦਿੱਤਾ ਗਿਆ ਕਿ ਇੱਕ ਪਿੰਡ ਦੀ ਚੋਣ ਕਰਕੇ ਮਾਡਲ ਪਿੰਡ ਬਣਾਇਆ ਜਾਵੇ ਜਿਸਦਾ ਪ੍ਰਭਾਵ ਦੂਸਰੇ ਪਿੰਡਾਂ ਤੇ ਪਵੇ। ਇਸ ਸਬੰਧ ਵਿਚ ਅਗਲੀ ਮੀਟਿੰਗ ਜਲਦੀ ਹੀ ਬੁਲਾਈ ਜਾਵੇਗੀ।

4. **ਸਕਾਲਰਸ਼ਿਪ ਬਾਰੇ** :- ਸਕਾਲਰਸ਼ਿਪ ਦਾ ਕੁੱਲ 175 ਅਰਜ਼ੀਆਂ ਆਈਆਂ ਸਨ ਜਿਹਨਾਂ ਵਿਚੋਂ ਕੁੱਲ 84 ਅਰਜ਼ੀਆਂ ਪਾਸ ਕਰਕੇ ਉਹਨਾਂ ਦੇ ਚੈੱਕ ਬਣਾ ਕੇ ਭੇਜੇ ਜਾ ਚੁੱਕੇ ਹਨ ਅਤੇ 4 ਅਰਜ਼ੀਆਂ ਸਪੈਸ਼ਲ ਕੈਟਾਗਰੀ ਵਿਚ ਮਨਜ਼ੂਰ ਕਰਕੇ ਉਹਨਾਂ ਦੇ ਵੀ ਚੈੱਕ ਬਣਾ ਕੇ ਭੇਜੇ ਜਾ ਚੁੱਕੇ ਹਨ।

5. **ਸੋਲਰ ਸਿਸਟਮ ਲਗਾਉਣ ਬਾਰੇ** :- ਸੋਲਰ ਸਿਸਟਮ ਦਾ ਕੰਮ ਪਹਿਲ ਦੇ ਆਧਾਰ ਤੇ ਚੱਲ ਰਿਹਾ ਹੈ। ਕੁੱਝ ਹੀ ਦਿਨਾਂ ਵਿਚ ਕੰਮ ਪੂਰਾ ਹੋ ਜਾਵੇਗਾ।

6. **ਬਰਸੀ ਸੰਤ ਬਾਬਾ ਪ੍ਰੇਮ ਸਿੰਘ ਜੀ ਬਾਰੇ** :- ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਬਰਸੀ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30, ਚੰਡੀਗੜ੍ਹ ਵਿਖੇ ਮਿਤੀ 23-06-2019 ਨੂੰ ਹਰ ਸਾਲ ਦੀ ਤਰ੍ਹਾਂ ਬੜੀ ਸ਼ਰਧਾਪੂਰਵਕ ਮਨਾਈ ਜਾ ਰਹੀ ਹੈ। ਜਿਸ ਦੇ ਸੱਦਾ ਪੱਤਰ ਜਲਦ ਹੀ ਸਮੂਹ ਮੈਂਬਰਾਂ ਨੂੰ ਭੇਜ ਦਿੱਤੇ ਜਾਣਗੇ।

7. **"ਗੁਰੂ ਲਾਧੋ ਰੇ" ਭਵਨ ਨਰਾਇਣਗੜ੍ਹ ਦੀ ਉਸਾਰੀ ਬਾਰੇ** :- ਨਰਾਇਣਗੜ੍ਹ (ਹਰਿਆਣਾ) ਵਿਚ "ਗੁਰੂ ਲਾਧੋ ਰੇ" ਭਵਨ ਉਸਾਰੀ ਅਧੀਨ ਹੈ, ਜੇਕਰ ਕਿਸੇ ਮੈਂਬਰ/ਅਹੁਦੇਦਾਰ/ਸੰਗਤ ਨੇ "ਗੁਰੂ ਲਾਧੋ ਰੇ" ਭਵਨ ਨਰਾਇਣਗੜ੍ਹ ਦੀ ਉਸਾਰੀ ਵਾਸਤੇ ਸੇਵਾ ਕਰਵਾਉਣੀ ਹੈ ਤਾਂ ਹੇਠ ਲਿਖੇ ਬੈਂਕ ਅਕਾਉਂਟ ਨੰਬਰ ਤੇ ਰੁਪਏ ਪਾ ਸਕਦੇ ਹਨ :

*** ਬੈਂਕ ਦਾ ਨਾਮ** - ਪੰਜਾਬ ਨੈਸ਼ਨਲ ਬੈਂਕ

*** ਅਕਾਉਂਟ ਹੋਲਡਰ ਦਾ ਨਾਮ** - ਗੁਰੂ ਲਾਧੋ ਰੇ ਭਵਨ ਨਰਾਇਣਗੜ੍ਹ, ਬੈਂਕ ਅਕਾਊਂਟ ਨੰਬਰ – 2733000102901938, IFSC-PUNB 0273300, ਮੁੱਖ ਸੇਵਾਦਾਰ ਸ. ਗੁਰਪਾਲ ਸਿੰਘ ਨਰਾਇਣਗੜ੍ਹ, ਮੋਬਾ. ਨੰ. 94161-35379, 94167-30001




**"ਮਿਤੀ 14-05-2019 ਨੂੰ ਗੁਰੂ ਲਾਧੋ ਰੇ ਭਵਨ ਨਰਾਇਣਗੜ੍ਹ ਵਿਖੇ ਸ. ਗੁਰਪਾਲ ਸਿੰਘ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਭਵਨ ਦੀ ਉਸਾਰੀ ਸਬੰਧੀ ਵਿਚਾਰ ਵਟਾਂਦਰਾ ਕਰਦੇ ਹੋਏ"**

---

**8. ਮੈਡੀਕਲ ਕੈਂਪ ਬਾਰੇ** :- ਮਈ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੁੱਲ 14 ਕੈਂਪ ਲਗਾਏ ਗਏ ਹਨ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਮਿਤੀ ਅਤੇ ਸਥਾਨ | ਮਰੀਜ਼ |
|---|---|---|
| 1. | 27-04-2019/ਬਲੌਪੁਰ | 28 |
| 2. | 02-05-2019/ਬਰਸੂਮਾਜਰਾ | 20 |
| 3. | 03-05-2019/ਨਰਾਇਣਗੜ੍ਹ | 42 |
| 4. | 04-05-2019/ਛੋਟੀ ਬਰਾਉਲੀ | 27 |
| 5. | 07-05-2019/ਅੰਬਲੀ | 32 |
| 6. | 08-05-2019/ਅੰਬਲੀ | 23 |
| 7. | 09-05-2019/ਘਨੌਲੀ | 20 |
| 8. | 10-05-2019/ਘਨੌਲੀ | 12 |
| 9. | 11-05-2019/ਘਨੌਲੀ | 32 |
| 10. | 13-05-2019/ਖਾਂਨਪੁਰ | 32 |
| 11. | 23-05-2019/ਲਾਲਪੁਰ | 28 |
| 12. | 24-05-2019/ਲਾਲਪੁਰ | 35 |
| 13. | 25-05-2019/ਸਾਕਰਪੁਰਾ | 22 |

| | | |
|---|---|---|
| 14. | 27-05-2019/ਨੰਦੁਵਾਲੀ | 50 |
| | ਕੁੱਲ | 403 |







**ਮੈਡੀਕਲ ਵਿੰਗ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ, ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਮੈਡੀਕਲ ਓ.ਪੀ.ਡੀ ਅਤੇ ਕਲੀਨਿਕਲ ਲੈਬ ਦੇ ਅਪ੍ਰੈਲ ਮਹੀਨੇ ਦੇ ਇਲਾਜ ਦਾ ਵੇਰਵਾ ਦਾ ਵੇਰਵਾ ਇਸ ਤਰ੍ਹਾਂ ਹੈ:-

**ਅਪ੍ਰੈਲ ਮਹੀਨੇ ਦੇ ਇਲਾਜ ਦਾ ਵੇਰਵਾ ( 27-05-2019 ਤੱਕ) :-**

| | | | |
|---|---|---|---|
| 1. | ਮੈਡੀਕਲੇ ਓ.ਪੀ.ਡੀ | - | 100 |
| 2. | ਮੈਡੀਕਲ ਲੈਬ | - | 35 |
| 3. | ਡੈਂਟਲ ਕਲੀਨਿਕ | - | 28 |

**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਚੰਡੀਗੜ੍ਹ**

ਘੱਲੂਘਾਰਾ ਦਿਵਸ 'ਤੇ ਵਿਸ਼ੇਸ਼

# ਛੋਟੇ ਘੱਲੂਘਾਰਾ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ...

**ਭਗਵਾਨ ਸਿੰਘ ਜੌਹਲ**

ਸਿੱਖ ਇਤਿਹਾਸ ਵਿਚ ਛੋਟੇ ਘੱਲੂਘਾਰੇ ਦੇ ਨਾਂਅ ਨਾਲ ਜਾਣਿਆ ਜਾਂਦਾ ਖ਼ੂਨੀ ਸਾਕਾ 1746 ਈ: ਦੇ ਮਈ-ਜੂਨ ਦੇ ਮਹੀਨਿਆਂ ਵਿਚ ਵਾਪਰਿਆ। ਇਤਿਹਾਸਕ ਤੱਥਾਂ ਮੁਤਾਬਿਕ 1745 ਈ: ਦੇ ਜੁਲਾਈ ਮਹੀਨੇ ਵਿਚ ਜ਼ਕਰੀਆ ਖਾਨ ਦੀ ਮੌਤ ਤੋਂ ਪਿੱਛੋਂ ਉਸ ਦਾ ਲੜਕਾ ਯਹੀਆ ਖਾਨ ਲਾਹੌਰ ਦਾ ਸੂਬੇਦਾਰ ਬਣਿਆ। ਉਹ ਆਪਣੇ ਪਿਉ ਨਾਲੋਂ ਵੀ ਵਧ ਕੇ ਜ਼ੁਲਮੀ ਸ਼ਾਸਕ ਸੀ। ਉਸ ਨੇ ਲਖਪਤ ਰਾਏ ਨੂੰ ਆਪਣਾ ਦੀਵਾਨ ਨਿਯੁਕਤ ਕੀਤਾ। ਐਮਨਾਬਾਦ (ਸੈਦਪੁਰ) ਹੁਣ ਪੱਛਮੀ ਪੰਜਾਬ (ਪਾਕਿਸਤਾਨ) ਦੇ ਨੇੜੇ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨਾਂ ਲਈ ਇਕ ਸਿੱਖ ਜਥੇ ਦੀ ਆਮਦ ਦਾ ਲਖਪਤ ਰਾਏ ਨੂੰ ਪਤਾ ਲੱਗਾ। ਉਸ ਨੇ ਇਸ ਜਥੇ ਨੂੰ ਰੋਕਣ ਲਈ ਆਪਣੇ ਭਰਾ ਜਸਪਤ ਰਾਏ ਦੀ ਅਗਵਾਈ ਵਿਚ ਇਕ ਫ਼ੌਜੀ ਟੁਕੜੀ ਲਾਹੌਰ ਤੋਂ ਭੇਜੀ। ਇਸ ਸਿੱਖ ਜਥੇ ਨੂੰ ਐਮਨਾਬਾਦ ਤੋਂ 25 ਕਿਲੋਮੀਟਰ ਦੂਰ ਪਿੰਡ ਬਦੋਲੀ ਗੁਸਾਈਆਂ ਨੇੜੇ ਰੋਕਣ ਦਾ ਯਤਨ ਕੀਤਾ ਗਿਆ। ਇਹ ਘਟਨਾ 1746 ਈ: ਦੇ ਆਰੰਭ ਦੀ ਹੈ, ਸਿੱਖ ਜਥਾ ਲੜਨਾ ਨਹੀਂ ਸੀ ਚਾਹੁੰਦਾ, ਉਹ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਅਸਥਾਨ ਦੇ ਦਰਸ਼ਨਾਂ ਲਈ ਹੀ ਪੁੱਜਣਾ ਚਾਹੁੰਦੇ ਸਨ। ਪਰ ਜਸਪਤ ਰਾਏ ਨੇ ਇਕ ਵੀ ਨਾ ਸੁਣੀ। ਇਸ ਝੜਪ ਵਿਚ ਭਾਈ ਨਿਭਾਹੂ ਸਿੰਘ ਦੇ ਨਾਂਅ ਦੇ ਇਕ ਸਿੱਖ ਯੋਧੇ ਨੇ ਹਾਥੀ ਦੀ ਪੂਛ ਫੜ ਕੇ ਹੌਦੇ ਵਿਚ ਬੈਠੇ ਜਸਪਤ ਰਾਏ ਦਾ ਸਿਰ ਕਲਮ ਕਰ ਦਿੱਤਾ। ਇਸ ਘਟਨਾ ਤੋਂ ਹੀ ਇਸ ਘੱਲੂਘਾਰੇ ਦਾ ਮੁੱਢ ਬੱਝਦਾ ਹੈ। ਲਖਪਤ ਰਾਏ ਨੂੰ ਜਦੋਂ ਭਰਾ ਦੀ ਮੌਤ ਦੀ ਖ਼ਬਰ ਮਿਲੀ ਤਾਂ ਉਸ ਨੇ ਕ੍ਰੋਧ ਵਿਚ ਆ ਕੇ ਫ਼ੌਜਦਾਰ ਯਹੀਆ ਖਾਨ ਦੀ ਹਾਜ਼ਰੀ ਵਿਚ ਪੱਗ ਲਾਹ ਕੇ ਸਹੁੰ ਖਾਧੀ ਕਿ ਹੁਣ ਉਹ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗਾ।

ਉਸ ਨੇ ਲਾਹੌਰ ਦੇ ਸੂਬੇਦਾਰ ਯਹੀਆ ਖਾਨ ਦੀ ਸਹਿਮਤੀ ਨਾਲ ਲਾਹੌਰ ਫ਼ੌਜ ਤੋਂ ਇਲਾਵਾ ਮੁਲਤਾਨ, ਬਹਾਵਲਪੁਰ ਅਤੇ ਜਲੰਧਰ ਦੇ ਫ਼ੌਜਦਾਰਾਂ ਤੋਂ ਸਹਾਇਤਾ ਮੰਗੀ। ਨਾਲ ਹੀ ਪਹਾੜੀ ਰਾਜਿਆਂ ਨੂੰ ਵੀ ਸੂਚਿਤ ਕੀਤਾ ਕਿ ਸਿੱਖ ਕਿਧਰੇ ਪਹਾੜੀ ਰਿਆਸਤਾਂ ਵੱਲ ਕੂਚ ਨਾ ਕਰ ਜਾਣ। ਸਭ ਤੋਂ ਪਹਿਲਾਂ ਲਾਹੌਰ ਦੇ ਸਾਰੇ ਸਿੱਖਾਂ ਨੂੰ ਫੜ ਕੇ ਕਤਲ ਕਰਨ ਦਾ ਹੁਕਮ ਕੀਤਾ। ਲਾਹੌਰ ਦੇ ਮੁਖੀ ਸੱਜਣਾਂ ਨੇ ਲਖਪਤ ਰਾਏ ਨੂੰ ਬਹੁਤ ਸਮਝਾਇਆ ਪਰ ਉਸ ਦੇ ਕੰਨ 'ਤੇ ਜੂੰ ਨਾ ਸਰਕੀ। ਉਸ ਨੇ ਢੋਲ ਵਜਾ ਕੇ ਐਲਾਨ ਕਰ ਦਿੱਤਾ ਕੋਈ ਸਿੱਖ ਗੁਰਬਾਣੀ ਨਹੀਂ ਪੜ੍ਹੇਗਾ, 'ਗੁੜ' ਸ਼ਬਦ ਦਾ ਉਚਾਰਨ ਨਹੀਂ ਕਰੇਗਾ, ਕਿਉਂਕਿ ਅਜਿਹਾ ਕਰਨ ਨਾਲ ਗੁਰੂ ਯਾਦ ਆਉਂਦਾ ਹੈ। ਗੁੜ ਦੀ ਥਾਂ ਰੋੜੀ ਕਿਹਾ ਜਾਵੇ।

ਸਾਰੇ ਸਿੰਘਾਂ ਨੇ ਗੁਰਮਤਾ ਕਰ ਕਰਕੇ ਯੁੱਧ ਨੀਤੀ ਨੂੰ ਵਿਚਾਰਦਿਆਂ ਗੁਰਦਾਸਪੁਰ ਜ਼ਿਲ੍ਹੇ ਦੇ ਕਾਦੀਆਂ ਕਸਬੇ ਤੋਂ ਅੱਠ ਕਿਲੋਮੀਟਰ ਦੂਰ ਕਾਹਨੂੰਵਾਨ ਦੇ ਛੰਭ ਵਿਚ ਡੇਰੇ ਲਾ ਲਏ। ਇਹ ਛੰਭ ਸੰਘਣਾ ਜੰਗਲ ਪਹਿਲਾਂ ਵੀ ਮੁਸੀਬਤ ਸਮੇਂ ਸਿੰਘਾਂ ਦੀ ਲੁਕਣਗਾਹ ਸੀ। ਲਖਪਤ ਰਾਏ ਨੇ ਲਾਹੌਰ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ। ਹੁਣ ਉਸ ਨੇ ਕਾਹਨੂੰਵਾਨ ਦੇ ਛੰਭ ਨੂੰ ਘੇਰਨ ਦਾ ਹੁਕਮ ਦਿੱਤਾ। ਇਸ ਕੰਡਿਆਂ, ਝਾੜੀਆਂ ਦੇ ਜੰਗਲ ਵਿਚ ਸਿੰਘ ਭੁੱਖਣ-ਭਾਣੇ ਦੁਸ਼ਮਣ ਨਾਲ ਗੁਰੀਲਾ ਢੰਗ ਨਾਲ ਲੜਦੇ ਰਹੇ। ਸਿੰਘਾਂ ਕੋਲ ਲਖਪਤ ਰਾਏ ਦੇ ਮੁਕਾਬਲੇ ਦਾ ਕੋਈ ਤੋਪਖਾਨਾ ਵੀ ਨਹੀਂ ਸੀ, ਨਾ ਹੀ ਹਥਿਆਰ। ਸਿੰਘਾਂ ਨੂੰ ਜੰਗਲ ਵਿਚ ਰਹਿਣ ਦੀ ਜਾਚ ਸੀ। ਲਖਪਤ ਰਾਏ ਨੇ ਪਹਿਲਾਂ ਜੰਗਲ ਕੱਟ ਕੇ ਤੋਪਾਂ ਲਈ ਰਸਤਾ ਬਣਾਇਆ ਅਤੇ ਨਾਲ ਹੀ ਜੰਗਲ ਨੂੰ ਅੱਗ ਲਾ ਦਿੱਤੀ। ਛੰਭ ਵਿਚ ਪੰਜ ਹਜ਼ਾਰ ਸਿੱਖਾਂ 'ਤੇ ਮੁਸੀਬਤ ਦਾ ਪਹਾੜ ਟੁੱਟ ਪਿਆ।

ਸਿੰਘਾਂ ਲਈ ਇਹ ਘੋਰ ਬਿਪਤਾ ਦਾ ਸਮਾਂ ਸੀ, ਪਰ ਫਿਰ ਵੀ ਮੁਗਲ ਸੈਨਾ ਦਾ ਟਾਕਰਾ ਉਨ੍ਹਾਂ ਬੜੀ ਬਹਾਦਰੀ ਨਾਲ ਕੀਤਾ। ਛੰਭ ਛੱਡ ਕੇ ਜਾਣ ਦਾ ਕੋਈ ਰਸਤਾ ਨਹੀਂ ਸੀ। ਲਖਪਤ ਰਾਏ ਦੀਆਂ ਫ਼ੌਜਾਂ ਮਾਰੋ-ਮਾਰ ਕਰਦੀਆਂ ਆ ਰਹੀਆਂ ਸਨ। ਇਸ ਘੇਰੇ ਵਿਚ ਮੁਖੀ ਜਰਨੈਲਾਂ ਵਿਚ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ. ਸੁੱਖਾ ਸਿੰਘ ਮਾੜੀ ਕੰਬੋਕੀ, ਸ: ਗੁਰਦਿਆਲ ਸਿੰਘ ਡੱਲੇਵਾਲ ਆਦਿ ਅਗਵਾਈ ਕਰ ਰਹੇ ਸਨ।

ਲਖਪਤ ਰਾਏ ਦੇ ਨਾਮੀ ਜਰਨੈਲ ਇਸ ਯੁੱਧ ਵਿਚ ਮਾਰੇ ਗਏ। ਕੁਝ ਸਿੰਘਾਂ ਨੇ ਬਚ ਕੇ ਲੰਮਾ ਸਫ਼ਰ ਤੈਅ ਕਰਕੇ ਰਾਵੀ ਦਰਿਆ ਪਾਰ ਕਰਕੇ ਕਠੂਆ ਤੇ ਬਸੌਲੀ ਵੱਲ ਮੂੰਹ ਕੀਤਾ, ਪਰ ਅੱਗੋਂ ਪਹਾੜੀ ਰਾਜਿਆਂ ਨੇ ਵੀ ਗੋਲੀਆਂ ਨਾਲ ਸਵਾਗਤ ਕੀਤਾ। ਇਸ ਲੜਾਈ ਵਿਚ ਸੱਤ ਹਜ਼ਾਰ ਸਿੰਘ ਸ਼ਹਾਦਤ ਪ੍ਰਾਪਤ ਕਰ ਗਏ। ਤਿੰਨ ਹਜ਼ਾਰ ਸਿੰਘਾਂ ਨੂੰ ਫੜ ਕੇ ਲਾਹੌਰ ਦੇ ਨਖਾਸ ਚੌਕ ਵਿਚ ਸ਼ਹੀਦ ਕੀਤਾ ਗਿਆ। ਕੁਝ ਕੁ ਸਿੰਘ ਮਾਲਵੇ ਵੱਲ ਤੇ ਕੁਝ ਕੁ ਪਹਾੜਾਂ ਵੱਲ ਨਿਕਲ ਗਏ। ਪਹਿਲਾਂ ਇਸ ਯੁੱਧ ਨੂੰ ਕੇਵਲ ਘੱਲੂਘਾਰਾ ਹੀ ਕਿਹਾ ਜਾਂਦਾ ਸੀ ਪਰ ਇਸ ਤੋਂ 16 ਸਾਲ ਤੋਂ ਪਿੱਛੋਂ 1762 ਈ: ਵਿਚ ਕੁੱਪ-ਰੋਹੀੜਾ ਦੇ ਅਸਥਾਨ 'ਤੇ ਹੋਏ ਵੱਡੇ ਘੱਲੂਘਾਰੇ ਤੋਂ ਬਾਅਦ ਇਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਾ। ਇਸ ਤਰ੍ਹਾਂ ਪਹਿਲੀ ਵਾਰ ਸਿੱਖਾਂ ਦਾ ਏਨਾ ਜਾਨੀ ਨੁਕਸਾਨ ਹੋਇਆ। ਲਖਪਤ ਰਾਏ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਹੱਥ ਲਿਖਤ ਬੀੜਾਂ ਨੂੰ ਵੀ ਸਾੜਿਆ ਅਤੇ ਗੁਰਧਾਮਾਂ ਦਾ ਵੀ ਰੱਜ ਕੇ ਨੁਕਸਾਨ ਕੀਤਾ। ਪੰਜਾਬ ਸਰਕਾਰ ਵੱਲੋਂ ਘੱਲੂਘਾਰਾ ਦੇ ਅਸਥਾਨ 'ਤੇ ਯਾਦਗਾਰ ਦੀ ਉਸਾਰੀ ਕੀਤੀ ਗਈ ਹੈ।

-ਮੋਬਾ: 98143-24040

# ਸਿੱਖ ਰਹਿਤ ਮਰਯਾਦਾ

ਧਰਮ ਪ੍ਰਚਾਰ ਕਮੇਟੀ (ਐਸ.ਜੀ.ਪੀ.ਸੀ.)

## ਗੁਰਦੁਆਰੇ

(ੳ) ਗੁਰਬਾਣੀ ਦਾ ਅਸਰ ਸਾਧ ਸੰਗਤ 'ਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ-ਮੇਲ ਦੇ ਅਸਥਾਨਾਂ-ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ।

(ਅ) ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ-ਪ੍ਰਤੀ ਹੋਵੇ। ਬਿਨਾਂ ਖਾਸ ਕਾਰਨ ਦੇ (ਜਦ ਕਿ ਪ੍ਰਕਾਸ਼ ਜਾਰੀ ਰੱਖਣ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ 'ਤੇ ਰਹਰਾਸਿ ਦੇ ਪਾਠ ਮਗਰੋਂ ਸੁੱਖ-ਆਸਨ ਕੀਤਾ ਜਾਵੇ। ਜਦ ਤੱਕ ਗ੍ਰੰਥੀ ਜਾਂ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ ਹਾਜ਼ਰ ਰਹਿ ਸਕੇ ਜਾਂ ਪਾਠੀਆਂ, ਦਰਸ਼ਨ ਕਰਨ ਵਾਲਿਆਂ ਦੀ ਆਵਾਜਾਈ ਰਹੇ ਜਾਂ ਬੇਅਦਬੀ ਦਾ ਖਤਰਾ ਨਾ ਹੋਵੇ, ਤਦ ਤੱਕ ਪ੍ਰਕਾਸ਼ ਰਹੇ। ਉਪਰੰਤ ਸੁੱਖ-ਆਸਨ ਕਰ ਦੇਣਾ ਉਚਿਤ ਹੈ, ਤਾਂ ਜੋ ਬੇਅਦਬੀ ਨਾ ਹੋਵੇ।

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਤੇ ਸੰਤੋਖਿਆ ਜਾਵੇ। ਪ੍ਰਕਾਸ਼ ਲਈ ਜ਼ਰੂਰੀ ਹੈ ਕਿ ਸਥਾਨ ਸਾਫ਼-ਸੁਥਰਾ ਹੋਵੇ। ਉਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ 'ਤੇ ਸਾਫ਼ ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਭਾਲ ਕੇ ਪ੍ਰਕਾਸ਼ਨ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ, ਤਾਂ ਉੱਤੇ ਰੁਮਾਲ ਪਿਆ ਰਹੇ। ਪ੍ਰਕਾਸ਼ ਵੇਲੇ ਚੌਰ ਭੀ ਚਾਹੀਏ।

(ਸ) ਉੱਪਰ ਦੱਸੇ ਸਾਮਾਨ ਤੋਂ ਇਲਾਵਾ ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ। ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬੱਤੀ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।

(ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ-ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮਤ ਦਾ ਤਿਉਹਾਰ ਮਨਾਇਆ ਜਾਵੇ। ਹਾਂ, ਕਿਸੇ ਮੌਕੇ ਜਾਂ ਇਕੱਤਰਤਾ ਨੂੰ ਗੁਰਮਤਿ ਦੇ ਪ੍ਰਚਾਰ ਲਈ ਵਰਤਣਾ ਅਯੋਗ ਨਹੀਂ।

(ਕ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਭਰਨੀਆਂ, ਕੰਧਾਂ ਜਾਂ ਥੜ੍ਹਿਆਂ 'ਤੇ ਨੱਕ ਰਗੜਨਾ ਜਾਂ ਮੁੱਠੀਆਂ ਭਰਨੀਆਂ, ਮੰਜੀ ਸਾਹਿਬ ਹੇਠਾਂ ਪਾਣੀ ਰੱਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਨਾਣੀਆਂ ਜਾਂ ਰੱਖਣੀਆਂ, ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੱਕਣੇ, ਇਹੋ ਜਿਹੇ ਕਰਮ ਮਨਮੱਤ ਹਨ।

(ਖ) ਇਕ ਤੋਂ ਦੂਜੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ। ਜਿਸ ਨੇ ਸਿਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਚੁੱਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜੇ ਪਾਣ ਦੀ ਅਤਿ ਲੋੜ ਪੈ ਜਾਵੇ, ਤਾਂ ਭਰਮ ਨਹੀਂ ਕਰਨਾ।

(ਗ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਦਾਸਾ ਸੋਧ ਕੇ ਪ੍ਰਕਾਸ਼ ਕੀਤਾ ਜਾਵੇ। ਪ੍ਰਕਾਸ਼ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਦਾ ਵਾਕ ਲਿਆ ਜਾਵੇ।

(ਘ) ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਵੇ ਤਾਂ ਭਾਵੇਂ ਅੱਗੇ ਪ੍ਰਕਾਸ਼ ਹੋਇਆ ਹੋਵੇ ਜਾਂ ਨਾ, ਹਰ ਇਕ ਸਿੱਖ ਨੂੰ ਸਨਮਾਨ ਲਈ ਉੱਠ ਖਲੋਣਾ ਚਾਹੀਏ।

(ਙ) ਗੁਰਦੁਆਰੇ ਅੰਦਰ ਜਾਣ ਲੱਗਿਆਂ ਜੋੜੇ ਬਾਹਰ ਲਾਹ ਕੇ, ਸੁਥਰਾ ਹੋ ਕੇ ਜਾਣਾ ਚਾਹੀਏ, ਜੇ ਪੈਰ ਮੈਲੇ ਜਾਂ ਗੰਦੇ ਹੋਣ ਤਾਂ ਜਲ ਨਾਲ ਧੋ ਲੈਣੇ ਚਾਹੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ ਨੂੰ ਆਪਣੇ ਸੱਜੇਪਾਸੇ ਰੱਖ ਕੇ ਪ੍ਰਕਰਮਾ ਕਰਨੀ ਚਾਹੀਏ।

(ਚ) ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਲਈ ਕਿਸੇ ਦੇਸ਼, ਮਜ਼ਬ, ਜਾਤਿ ਵਾਲੇ ਨੂੰ ਮਨਾਹੀ ਨਹੀਂ, ਪਰ ਉਸ ਦੇ ਪਾਸ ਸਿੱਖ ਧਰਮ ਤੋਂ ਵਿਵਰਜਿਤ, ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ।

(ਛ) ਗੁਰਦੁਆਰੇ ਅੰਦਰ ਜਾ ਕੇ ਸਿੱਖ ਦਾ ਪਹਿਲਾ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਹੈ। ਉਪਰੰਤ ਗੁਰੂ ਰੂਪ ਸਾਧ ਸੰਗਤ ਦੇ ਦਰਸ਼ਨ ਕਰ ਕੇ ਸਹਿਜ ਨਾਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਈ ਜਾਵੇ।

(ਜ) ਸੰਗਤ ਵਿਚ ਬੈਠਣ ਲਈ ਭੀ ਸਿੱਖ-ਅਸਿੱਖ ਛੂਤ-ਛਾਤ, ਜਾਤ-ਪਾਤ, ਉਚ-ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ।

(ਝ) ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮੱਤ ਹੈ।

(ਞ) ਸੰਗਤ ਵਿਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿੱਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।

(ਟ) ਤਖ਼ਤ ਪੰਜ ਹਨ –

1) ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ।

2) ਤਖ਼ਤ ਸ੍ਰੀ ਪਟਨਾ ਸਾਹਿਬ।

3) ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ।

4) ਤਖ਼ਤ ਸ੍ਰੀ ਹਜ਼ੂਰ ਸਾਹਿਬ, ਨੰਦੇੜ।

5) ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ)।

(ਠ) ਤਖ਼ਤਾਂ ਦੇ ਖਾਸ ਅਸਥਾਨ ਉੱਤੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ ਸਿੰਘ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ।

(ਤਖ਼ਤਾਂ ਉੱਤੇ ਪਤਿਤ ਤੇ ਤਨਖਾਹੀਏ ਸਿੱਖ ਤੋਂ ਬਿਨਾਂ ਹਰ ਇਕ ਪ੍ਰਾਣੀ ਮਾਤਰ, ਸਿੱਖ ਗੈਰ-ਸਿੱਖ ਦੀ ਅਰਦਾਸ ਹੋ ਸਕਦੀ ਹੈ।)

(ਡ) ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ 'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ

ਅਤੇ ਨਿਸ਼ਾਨ ਸਾਹਿਬ ਦੇ ਸਿਰੇ ਉੱਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੋਵੇ।

(ਢ) ਗੁਰਦੁਆਰੇ ਵਿੱਚ ਨਗਾਰਾ ਹੋਵੇ, ਜੋ ਸਮੇਂ ਸਿਰ ਵਜਾਇਆ ਜਾਵੇ।

## ਕੀਰਤਨ

(ੳ) ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।

(ਅ) ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਕਰਨ ਨੂੰ ਕਹਿੰਦੇ ਹਨ।

(ੲ) ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ-ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

(ਸ) ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨ-ਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ।

## ਹੁਕਮ ਲੈਣਾ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ, ਗੁਰੂ-ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਅਵਾਜ਼ਾਂ ਲੈਣਾ ਜਾਂ ਸੁਣਨਾ, ਸਤਿਗੁਰੂ ਦੇ 'ਦਰਸ਼ਨ' ਹਨ। ਵਾਕ ਲੈਣ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਚੁੱਕ ਕੇ ਦਰਸ਼ਨ ਕਰਨਾ ਜਾਂ ਕਰਵਾਉਣਾ ਮਨਮੱਤ ਹੈ।

(ਅ) ਸੰਗਤ ਵਿਚ ਇਕ ਵਕਤ ਇਕੋ ਗੱਲ ਹੋਣੀ ਚਾਹੀਏ-ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।

(ੲ) ਦੀਵਾਨ ਸਮੇਂ ਸੰਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕੇਵਲ ਸਿੱਖ (ਮਰਦ ਜਾਂ ਤੀਵੀਂ) ਹੀ ਬੈਠਣ ਦਾ ਅਧਿਕਾਰੀ ਹੈ।

(ਸ) ਸੰਗਤ ਨੂੰ ਪਾਠ ਕੇਵਲ ਸਿੱਖ ਹੀ ਕਰ ਕੇ ਸੁਣਾਵੇ। ਆਪਣੇ ਆਪ ਲਈ ਪਾਠ ਕੋਈ ਗ਼ੈਰ-ਸਿੱਖ ਭੀ ਕਰ ਸਕਦਾ ਹੈ।

(ਹ) 'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ। ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ 'ਤੇ ਭੋਗ ਪਾਇਆ ਜਾਵੇ।

(ਕ) ਦੀਵਾਨ ਦੀ ਸਮਾਪਤੀ ਜਾਂ ਭੋਗ ਦਾ ਅਰਦਾਸਾ ਹੋ ਕੇ ਅੰਤਮ ਹੁਕਮ ਲਿਆ ਜਾਵੇ।




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਸਿੱਖੀ ਨੂੰ ਵਡਮੁੱਲੀ ਸੇਧ ਦੇਣ ਵਾਲੇ ਸ੍ਰੀ ਗੁਰੂ ਅੰਗਦ ਦੇਵ

**ਡਾ. ਦਲਜੀਤ ਸਿੰਘ ਤਿਵਾੜੀ**



ਸਿੱਖ ਇਤਿਹਾਸ ਅਤੇ ਗੁਰਮਤਿ ਦੇ ਵਿਕਾਸ ਵਿਚ ਗੁਰੂ ਅੰਗਦ ਦੇਵ ਜੀ ਦੀ ਦੇਣ ਵਡਮੁੱਲੀ ਅਤੇ ਮਹੱਤਵਪੂਰਨ ਹੈ। ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਂਅ ਭਾਈ ਲਹਿਣਾ ਸੀ। ਭਾਈ ਲਹਿਣਾ ਦਾ ਜਨਮ ਭਾਵੇਂ ਮੱਤੇ ਦੀ ਸਰਾਂ, ਜ਼ਿਲ੍ਹਾ ਫ਼ਿਰੋਜ਼ਪੁਰ (ਹੁਣ ਪਾਕਿਸਤਾਨ) ਵਿਖੇ ਭਾਈ ਫੇਰੂ ਦੇ ਘਰ ਮਾਤਾ ਦਇਆ ਕੌਰ ਦੀ ਕੁੱਖੋਂ 1504 ਈ: ਨੂੰ ਹੋਇਆ ਸੀ, ਪਰ ਬਾਬਰ ਦੇ ਹਮਲਿਆਂ ਵੇਲੇ ਮੱਤੇ ਦੀ ਸਰਾਂ ਦੇ ਉੱਜੜਨ ਕਰਕੇ ਭਾਈ ਫੇਰੂ ਮੱਲ ਪਰਿਵਾਰ ਸਮੇਤ ਆਪਣੀ ਧਰਮ ਦੀ ਭੈਣ ਬੀਬੀ ਵਿਰਾਈ ਪਾਸ ਖਡੂਰ ਵਿਖੇ ਆ ਗਏ ਸਨ, ਜਿਥੇ ਭਾਈ ਲਹਿਣਾ ਜੀ ਦਾ ਵਿਆਹ ਸੰਨ 1519 ਈ: ਵਿਚ ਭਾਈ ਦੇਵੀ ਚੰਦ ਖੱਤਰੀ ਦੀ ਪੁੱਤਰੀ ਬੀਬੀ ਖੀਵੀ ਨਾਲ ਹੋਇਆ। ਇਤਿਹਾਸਕ ਫ਼ੁਰਮਾਨ ਹੈ ਕਿ ਇਕ ਦਿਨ ਭਾਈ ਲਹਿਣਾ ਅੰਮ੍ਰਿਤ ਵੇਲੇ ਗੁਰੂ ਘਰ ਦੇ ਅਨਿਨ ਸੇਵਕ ਭਾਈ ਜੋਧ ਦੇ ਮੁੱਖੋਂ ਆਸਾ ਦੀ ਵਾਰ ਦੀ ਪਉੜੀ ਸੁਣਨ ਉਪਰੰਤ ਅੰਮ੍ਰਿਤ ਰਸ ਤੋਂ ਪ੍ਰਭਾਵਿਤ ਹੋ ਕੇ ਗੁਰੂ ਨਾਨਕ ਦੇਵ ਜੀ ਪਾਸ ਕਰਤਾਰਪੁਰ (ਪਾਕਿਸਤਾਨ) ਪਹੁੰਚੇ ਤਾਂ ਪਾਰਖੂ ਦ੍ਰਿਸ਼ਟੀ ’ਚੋਂ ਨਿਸਚਿਤ ਪਛਾਣ ਕਰਾਉਣ ਉਪਰੰਤ ਲਹਿਣੇ ਦੇ ਰੂਪ ’ਚ ਕੁਝ ਲੈਣ ਜੋਗੇ ਹੋ ਗਏ ਤਾਂ ਗੁਰੂ ਨਾਨਕ ਦੇਵ ਜੀ ਨੇ ਛਾਤੀ ਨਾਲ ਲਗਾ ਕੇ ਜੋਤ ਤੋਂ ਜੋਤ ਰੁਪਮਾਨ ਕਰ ਦਿੱਤੀ:

**ਅੰਗਹੁ ਅੰਗੁ ਉਪਾਇਓਨੁ ਗੰਗਹੁ ਜਾਣੁ ਤਰੰਗੁ ਉਠਾਇਆ॥**

ਗੁਰੂ ਸਾਹਿਬ ਦੇ ਸਮਕਾਲੀ ਰਬਾਬੀਆਂ ਰਾਇ ਬਲਵੰਡ ਅਤੇ ਸੱਤਾ ਡੂਮ ਨੇ ਭਾਈ ਲਹਿਣੇ ਤੋਂ ਗੁਰੂ ਅੰਗਦ ਦੇਵ ਵਿਚ ਪਰਿਵਰਤਿਤ ਹੋਣ ਦੀ ਵਿਸਮਾਦੀ ਘਟਨਾ ਨੂੰ ‘ਲਹਣੇ ਧਰਿਓਨ ਛਤ੍ਰ ਸਿਰਿ’ ਅਤੇ ‘ਗੁਰੂ ਅੰਗਦ ਦੀ ਦੋਹੀ ਫਿਰੀ’ ਜਿਹੇ ਸ਼ਬਦਾਂ ਰਾਹੀਂ ਰੂਪਮਾਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਗੁਰੂ ਚੇਲੇ ਦੇ ਖੇਤਰ ਵਿਚ ਵਿਲੱਖਣ ਪਿਰਤ ਦੇ ਧਾਰਨੀ ਹੁੰਦਿਆਂ ਜਿਊਂਦੇ-ਜੀਅ ਭਾਈ ਲਹਿਣਾ ਨੂੰ ਮੱਥਾ ਟੇਕਦਿਆਂ ਅਤੇ ਗੁਰਿਆਈ ਦਾ ਤਿਲਕ ਲਗਾਉਂਦਿਆਂ ਕਰਤਾਰਪੁਰ ਤੋਂ ਖਡੂਰ ਸਾਹਿਬ ਜਾ ਕੇ ਵਸਣ ਦੀ ਤਾਕੀਦ ਕੀਤੀ, ਤਾਂ ਜੋ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਅੱਗੇ ਤੋਰਿਆ ਜਾ ਸਕੇ।

**ਦਿਤਾ ਛੋਡਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ॥**

ਖਡੂਰ ਸਾਹਿਬ ਉਹ ਪਾਵਨ ਇਤਿਹਾਸਕ ਨਗਰੀ ਹੈ, ਜਿਥੇ ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਦਾ ਲਗਭਗ 13 ਸਾਲ ਦਾ ਸਮਾਂ ਬਤੀਤ ਕੀਤਾ। ਇਥੇ ਹੀ (ਗੁਰੂ) ਅਮਰਦਾਸ ਜੀ ਦਾ ਮੇਲ ਗੁਰੂ ਅੰਗਦ ਦੇਵ ਜੀ ਨਾਲ ਹੋਇਆ ਅਤੇ ਉਨ੍ਹਾਂ ਨੇ ਲਗਭਗ 12 ਸਾਲ ਬਿਰਧ ਅਵਸਥਾ ’ਚ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਾਉਣ ਲਈ ਬਿਆਸ ਦਰਿਆ (ਗੋਇੰਦਵਾਲ ਸਾਹਿਬ) ਤੋਂ ਜਲ ਦੀ ਗਾਗਰ ਲਿਆਉਣ ਦੀ ਸੇਵਾ ਕਰਕੇ ਨਿਥਾਵਿਆਂ ਦੇ ਥਾਵ, ਨਿਓਟਿਆਂ ਦੀ ਓਟ ਵਰਗੇ ਅਨੇਕਾਂ ਵਰ ਪ੍ਰਾਪਤ ਕੀਤੇ। ਖਡੂਰ ਸਾਹਿਬ ਦੀ ਰਸਭਿੰਨੀ ਧਰਤੀ ’ਤੇ ਹੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਨੂੰ ਸੋਧ-ਸੰਵਾਰ ਕੇ ਅਤੇ ਪ੍ਰਮਾਣਿਤ ਕਰਕੇ ਗੁਰਬਾਣੀ ਅੰਕਤ ਕਰਨ ਲਈ ਪ੍ਰਪੱਕ ਕੀਤਾ। ਇਥੇ ਹੀ ਗੁਰੂ ਨਾਨਕ ਦੇਵ ਅਤੇ ਭਗਤਾਂ ਦੀ ਬਾਣੀ ਨੂੰ ਇਕੱਤਰ ਕਰਕੇ ਅਨੇਕਾਂ ਪੋਥੀਆਂ ਅਤੇ ਗੁਟਕੇ ਲਿਖ ਕੇ ਦੂਰ-ਨੇੜੇ ਤੱਕ ਭੇਜੇ ਜਾਣ ਦਾ ਸਿਲਸਿਲਾ ਸ਼ੁਰੂ ਹੋਇਆ। ਜਿਥੇ ਗੁਰੂ ਅੰਗਦ ਦੇਵ ਜੀ ਨੇ ਬੱਚਿਆਂ ਲਈ ਬਾਲ-ਬੋਧ ਤਿਆਰ ਕਰਵਾਏ, ਉਥੇ ਭਾਈ ਬਾਲਾ ਪਾਸੋਂ ਗੁਰੂ ਨਾਨਕ ਦੇਵ ਜੀ ਦਾ ਅੱਖੀਂ ਡਿੱਠਾ ਜੀਵਨ-ਬਿਰਤਾਂਤ ਇਥੇ ਹੀ ਸੁਣਿਆ ਅਤੇ ਭਾਈ ਮੋਖੇ ਪੈੜੇ ਦੇ ਹੱਥੋਂ ਗੁਰਮੁਖੀ ਅੱਖਰਾਂ ਵਿਚ ਲਿਖਵਾਇਆ, ਜਿਸ ਨੂੰ ਭਾਈ ਬਾਲੇ ਵਾਲੀ ਜਨਮਸਾਖੀ ਦਾ ਰੁਤਬਾ ਹਾਸਲ ਹੋਇਆ। ਇਸ ਸਰਜ਼ਮੀਂ ’ਤੇ ਹੀ ਆਪ ਨੇ ਆਤਮਿਕ ਬਿਰਤੀ ਅਤੇ ਨਰੋਈ ਸਿਹਤ ਲਈ ਨਸ਼ਾ-ਮੁਕਤ ਸਮਾਜ ਦੀ ਸਿੱਖਿਆ ਦੇਣੀ ਵੀ ਆਰੰਭ ਕੀਤੀ। ਗੁਰੂ ਜੋਤ ਦੀ ਰੌਸ਼ਨੀ ਵਿਚ ਵਿਚਰਦੀ ਇਸ ਸਮਰਿੱਧ ਧਰਤੀ ’ਤੇ ਗੁਰੂ ਅੰਗਦ ਦੇਵ ਜੀ ਨੇ ‘ਮੱਲ-ਅਖਾੜੇ’ ਦੀ ਸਿਰਜਣਾ ਕਰਕੇ ਭਾਵੀ ਖ਼ਾਲਸੇ ਦੀ ਨਕਸ਼-ਨੁਹਾਰ ਘੜੀ ਅਤੇ ਸੰਵਾਰੀ। ਘੋਲਾਂ, ਛਿੰਝਾਂ ਅਤੇ ਹੋਰ ਅਜਿਹੀਆਂ ਸਰੀਰਕ ਖੇਡਾਂ ਰਾਹੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਦੇਹ-ਅਰੋਗਤਾ, ਰਿਸ਼ਟ-ਪੁਸ਼ਟਤਾ, ਤੰਦਰੁਸਤੀ, ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦਾ ਪਾਠ ਪੜ੍ਹਾਇਆ। ਮੱਲ-ਅਖਾੜੇ ਦੀ ਪਵਿੱਤਰ ਯਾਦ ’ਚ ਸੁਸ਼ੋਭਿਤ ਗੁਰਦੁਆਰਾ ਗੁਰੂ ਸਾਹਿਬਾਨ ਦੀ ਅਲੌਕਿਕ, ਅਦਭੁੱਤ ਅਤੇ ਅਨੂਠੀ ਜੀਵਨ ਅਤੇ ਕਾਰਜਸ਼ੈਲੀ ਨੂੰ ਪ੍ਰਗਟਾਉਂਦਾ ਹੈ। ਕਰਤਾਰਪੁਰ (ਪਾਕਿਸਤਾਨ) ਵਿਖੇ ਲੰਗਰ ਦੀ ਸ਼ੁਰੂ ਹੋਈ ਪ੍ਰੰਪਰਾ ਖਡੂਰ ਸਾਹਿਬ ਵਿਖੇ ਹੋਰ ਅੱਗੇ ਵਧਦੀ ਹੈ। ਬਰਾਬਰਤਾ ਦਾ ਅਹਿਸਾਸ ਕਰਵਾਉਣ, ਦਸਵੰਧ ਕੱਢਣ, ਵੰਡ ਛਕਣ ਦੇ ਉਪਦੇਸ਼ ‘ਤੇ ਅਮਲ ਕਰਨ ਅਤੇ ਭਰਾਤਰੀ ਭਾਵ ਪੈਦਾ ਕਰਨ ਵਿਚ ਲੰਗਰ ਦੀ ਮਰਿਆਦਾ ਨੇ ਸੁੰਦਰ ਯੋਗਦਾਨ ਪਾਇਆ। ਇਸ ਵਰਦਾਨੀ ਧਰਤ ‘ਤੇ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹਮਾਯੂੰ ਬਾਦਸ਼ਾਹ ਦਾ ਹੰਕਾਰ ਤੋੜ ਕੇ ਉਸ ਨੂੰ ਨਿਮਰਤਾ ਵਿਚ ਵਿਚਰਨ ਦਾ ਅਹਿਸਾਸ ਕਰਵਾਇਆ ਸੀ। ਇਸ ਅੰਮ੍ਰਿਤ ਰਸਭਿੰਨੀ ਭੋਇੰ ‘ਤੇ ਹੀ ਸ੍ਰੀ ਗੁਰੂ ਅੰਗਦ ਦੇਵ ਜੀ 1552 ਈ: ਵਿਚ ਗੁਰਗੱਦੀ ਦੀ ਜ਼ਿੰਮੇਵਾਰੀ ਗੁਰੂ ਅਮਰਦਾਸ ਜੀ ਨੂੰ ਸੌਂਪ ਕੇ ਜੋਤੀ ਜੋਤ ਸਮਾਏ, ਜਿਨ੍ਹਾਂ ਦਾ ਗੁਰੂ ਅਮਰਦਾਸ ਜੀ ਨੇ ਗੁਰ-ਮਰਿਆਦਾ ਅਨੁਸਾਰ ਆਪਣੇ ਹੱਥੀਂ ਸ੍ਰੀ ਅੰਗੀਠਾ ਸਾਹਿਬ ਤਿਆਰ ਕਰਵਾਇਆ, ਜਿਥੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸੁਭਾਇਮਾਨ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਮਹਾਰਾਜੇ ਦੀਆਂ ਜਿੱਤਾਂ ਦੀ ਮਹੱਤਤਾ ਅਤੇ ਲੇਖਾ-ਜੋਖਾ

**ਕਿਰਪਾਲ ਸਿੰਘ ਰਿਸਰਚ ਸਕਾਲਰ**

ਅਸੀਂ ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ ਅਤੇ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ ਇਹਨਾਂ ਨਾਲ ਸਬੰਧਿਤ ਕਾਲ ਨੂੰ ਤਿੰਨਾਂ ਹਿੱਸਿਆਂ ਵਿਚ ਵੰਡ ਕੇ ਦੇਖ ਸਕਦੇ ਹਾਂ। ਪਹਿਲਾਂ ਸਮਾਂ ਸੰਨ 1799 ਤੋਂ 1809 ਤੱਕ ਦਾ ਬਣਦਾ ਹੈ। ਇਸ ਸਮੇਂ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਛੋਟੀ ਉਮਰੇ ਕੇਂਦਰੀ ਪੰਜਾਬ ਵਿਚ ਖ਼ਾਲਸਾ ਰਾਜ ਦੀ ਨੀਂਹ ਰੱਖੀ। ਉਸ ਨੂੰ ਆਪਣੀਆਂ ਕੋਸ਼ਿਸ਼ਾਂ ਅਤੇ ਪ੍ਰਾਪਤੀਆਂ ਲਈ ਤਜ਼ਰਬੇਕਾਰ ਦੋਸਤਾਂ, ਜਰਨੈਲਾਂ ਅਤੇ ਰਿਸ਼ਤੇਦਾਰਾਂ ਦਾ ਭਰਪੂਰ ਸਹਿਯੋਗ ਵੀ ਮਿਲਿਆ। ਸ਼ੁਰੂ-ਸ਼ੁਰੂ ਵਿਚ ਸਤਲੁਜ ਅਤੇ ਜਿਹਲਮ ਦਰਿਆਵਾਂ ਦੇ ਦਰਮਿਆਨ ਦੇ ਇਲਾਕੇ ਵਿਚੋਂ ਕਰ ਇਕੱਠਾ ਕਰਨਾ ਅਤੇ ਆਪਣੀ ਸਰਦਾਰੀ ਕਾਇਮ ਕਰਨੀ ਹੀ ਉਸ ਦੇ ਮੁੱਖ ਨਿਸ਼ਾਨੇ ਸਨ। ਉਸ ਨੇ ਆਲੇ ਦੁਆਲੇ ਦੀਆਂ ਰਿਆਸਤਾਂ ਉੱਤੇ ਆਕ੍ਰਮਣਕਾਰੀ ਨੀਤੀ ਅਪਣਾਈ ਅਤੇ ਉਹਨਾਂ ਨੂੰ ਆਪਣੀ ਈਨ ਮੰਨਣ ਲਈ ਮਜਬੂਰ ਕਰ ਦਿੱਤਾ ਭਾਵੇਂ ਉਹ ਜਮਨਾ ਦਰਿਆ ਦੇ ਆਰ ਜਾਂ ਸਿੰਘ ਦਰਿਆ ਤੋਂ ਪਾਰ ਦੀਆਂ ਤਾਕਤਾਂ ਸਨ। ਸਤਲੁਜ ਅਤੇ ਯਮੁਨਾ ਦੇ ਖਿੱਤੇ ਵਿਚ ਉਸ ਦੀ ਵਧਦੀ ਹੋਈ ਤਾਕਤ ਨੂੰ ਠੱਲ੍ਹ ਪਾਉਣ ਲਈ ਫੂਲਕੀਆਂ ਰਿਆਸਤਾਂ ਬਹੁਤ ਹੀ ਪਹਿਲਾਂ ਅੰਗਰੇਜ਼ਾਂ ਦੀ ਸ਼ਰਨ ਵਿਚ ਚਲੀਆਂ ਗਈਆਂ ਸਨ। ਇਸ ਤਰ੍ਹਾਂ ਖ਼ਾਲਸਾ ਰਾਜ, ਜਿਸ ਦਾ ਹੱਦ ਬੰਨਾ ਜਮਨਾ ਦਰਿਆ ਤੱਕ ਹੋ ਸਕਦਾ ਸੀ, ਸਤਲੁਜ ਦਰਿਆ ਤੱਕ ਹੀ ਰੁਕ ਗਿਆ। ਮਹਾਰਾਜੇ ਦੀਆਂ ਪ੍ਰਾਪਤੀਆਂ ਦਾ ਦੂਜਾ ਸਮਾਂ ਅਸੀਂ ਸੰਨ 1809 ਤੋਂ 1822 ਦਰਮਿਆਨ ਦਾ ਮੰਨ ਸਕਦੇ ਹਾਂ। ਇਸ ਸਮੇਂ ਦੌਰਾਨ ਉਸ ਨੇ ਪਹਿਲਾਂ ਤੋਂ ਵੀ ਜ਼ਿਆਦਾ ਮਜ਼ਬੂਤੀ ਨਾਲ ਖ਼ਾਲਸਾ ਰਾਜ ਅੱਗੇ ਵਧਾਇਆ ਅਤੇ ਉਨ੍ਹਾਂ ਇਲਾਕਿਆਂ ਨੂੰ ਇਸ ਨਾਲ ਜੋੜਿਆ ਜਿਨ੍ਹਾਂ ਤੋਂ ਉਹ ਸਿਰਫ਼ ਕਰ ਹੀ ਉਗਰਾਹੁੰਦਾ ਸੀ। ਦੂਜੇ ਸ਼ਬਦਾਂ ਵਿਚ ਪਹਿਲੇ ਸਮੇਂ ਵਿਚ ਉਸ ਨੇ ਸਤਲੁਜ ਦਰਿਆ ਦੇ ਆਸੇ ਪਾਸੇ ਦਾ ਇਲਾਕਾ ਜਿੱਤਿਆ ਅਤੇ ਦੂਜੇ ਦੌਰਾਨ ਉਸ ਨੇ ਲਾਹੌਰ ਜਿੱਤਣ ਤੋਂ ਬਾਅਦ ਕਦੇ ਵੀ ਪਿਛਾਂਹ ਮੁੜ ਕੇ ਨਹੀਂ ਦੇਖਿਆ।

ਇਸ ਤਰ੍ਹਾਂ ਸੰਨ 1799 ਤੋਂ 1822 ਦਰਮਿਆਨ ਉਹ ਪੰਜਾਬ ਦਾ ਇਕ ਸ਼ਕਤੀਸ਼ਾਲੀ ਹਾਕਮ ਬਣ ਚੁੱਕਾ ਸੀ। ਪ੍ਰੰਤੂ ਤੀਜੇ ਸਮੇਂ ਦੌਰਾਨ ਜੋ 1824 ਤੋਂ ਸ਼ੁਰੂ ਹੋ ਕੇ ਮਹਾਰਾਜੇ ਦੇ ਸੰਨ 1839 ਵਿਚ ਅਕਾਲ ਚਲਾਣੇ ਤੱਕ ਦਾ ਹੈ, ਮੁੱਖ ਤੌਰ ’ਤੇ ਉਸ ਨੇ ਪਿਸ਼ਾਵਰ ਨੂੰ ਖ਼ਾਲਸਾ ਰਾਜ ਵਿਚ ਮਿਲਾਇਆ। ਇਹ ਸ਼ਹਿਰ ਪਹਿਲਾਂ ਕਈ ਵਾਰ ਮਹਾਰਾਜੇ ਦੀਆਂ ਫੌਜਾਂ ਵੱਲੋਂ ਜਿੱਤਿਆ ਗਿਆ, ਇਸ ਤੋਂ ਕਈ ਵਾਰ ਕਰ ਵਸੂਲ ਕੇ ਫਿਰ ਕਿਸੇ ਨਾ ਕਿਸੇ ਕਾਰਨ ਪੁਰਾਣੇ ਮੁਸਲਮਾਨ ਗਵਰਨਰਾਂ ਨੂੰ ਸੌਂਪਿਆ ਪਰ ਸੰਨ 1834 ਵਿਚ ਹੀ ਇਸਨੂੰ ਖ਼ਾਲਸਾ ਰਾਜ ਨਾਲ ਮਿਲਾਇਆ। ਇਸ ਸਮੇਂ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਦੱਰਾ ਖ਼ੈਬਰ ਤੱਕ ਖ਼ਾਲਸੇ ਦੇ ਝੰਡੇ ਲਹਿਰਾਉਣ ਲੱਗੇ। ਇਸ ਤੋਂ ਇਲਾਵਾ ਮਹਾਰਾਜੇ ਦੀਆਂ ਫੌਜਾਂ ਨੇ ਸਈਅਦ ਅਹਿਮਦ ਵਰਗੇ ਖਰੂਦੀ ਨੂੰ ਵੀ ਬਿਲੇ ਲਾਇਆ।

ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਚਾਲ੍ਹੀ ਸਾਲਾਂ ਦਰਮਿਆਨ, ਇੱਕ ਮਿਸਲ ਦੇ ਸਰਦਾਰ ਤੋਂ ਆਪਣਾ ਸਫ਼ਰ ਸ਼ੁਰੂ ਕਰਦਿਆਂ ਬਾਦਸ਼ਾਹੀ ਤੱਕ ਦੀ ਮੰਜ਼ਿਲ ਤਹਿ ਕੀਤੀ। ਉਸ ਨੇ ਬਹਾਦਰੀ ਅਤੇ ਦਲੇਰੀ ਨਾਲ ਜਿਥੇ ਛੋਟੀਆਂ-ਛੋਟੀਆਂ ਅਤੇ ਕਮਜ਼ੋਰ ਸਿੱਖ ਮਿਸਲਾਂ ਨੂੰ ਇਕੱਠਿਆਂ ਕਰ ਕੇ ਉਹਨਾਂ ਨੂੰ ਇਕ ਤਕੜੇ ਖ਼ਾਲਸਾ ਰਾਜ ਦੇ ਰੂਪ ਵਿਚ ਲਿਆਂਦਾ ਉਥੇ ਉਸ ਨੇ ਕਸ਼ਮੀਰ, ਮੁਲਤਾਨ, ਪਿਸ਼ਾਵਰ ਅਤੇ ਹੋਰ ਦੂਸਰੇ ਮਜ਼ਬੂਤ ਸੁਤੰਤਰ ਮੁਸਲਿਮ ਹਾਕਮਾਂ ਦੇ ਇਲਾਕੇ ਵੀ ਖ਼ਾਲਸਾ ਰਾਜ ਨਾਲ ਮਿਲਾਏ। ਹੁਣ ਉਸ ਦੀ ਹਕੂਮਤ ਉੱਤਰ ਵੱਲੋਂ ਹਿਮਾਲਿਆ ਪਰਬਤ ਤੋਂ ਸ਼ੁਰੂ ਹੋ ਕੇ ਦੱਖਣ ਵੱਲ ਸਿੰਧ ਦੇ ਰੇਗਿਸਤਾਨ ਤੱਕ ਫੈਲੀ ਹੋਈ ਸੀ ਅਤੇ ਪੱਛਮ ਵੱਲ ਸਿੰਧ ਦਰਿਆ ਤੱਕ ਜਾਂਦੀ ਸੀ। ਇਕ ਗੱਲ ਹੋਰ ਵੀ ਬਹੁਤ ਦਿਲਚਸਪ ਅਤੇ ਮਹੱਤਵਪੂਰਨ ਹੈ ਕਿ ਮਹਾਰਾਜਾ ਜੈ ਪਾਲ ਦੇ ਪੁੱਤਰ ਅਨੰਦਪਾਲ ਤੋਂ ਬਾਅਦ (ਸੰਨ 991) ਇਹ ਪਹਿਲਾ ਮੌਕਾ ਸੀ ਜਦੋਂ ਇਕ ਸਿੱਖ ਮਹਾਰਾਜੇ ਦੇ ਪਿਛਲੇ ਅੱਠ ਸੌ ਸਾਲਾਂ ਤੋਂ ਬਾਅਦ ਇਸ ਪਾਸਿਓਂ (ਸਿੰਧ ਅਤੇ ਦੱਰਾ ਖ਼ੈਬਰ) ਹਿੰਦੁਸਤਾਨ ਵੱਲ ਆਉਂਦੇ ਵਿਦੇਸ਼ੀ ਦਰਿੰਦਿਆਂ ਉੱਤੇ ਕਾਠੀ ਪਾਈ ਅਤੇ ਉਹਨਾਂ ਨੂੰ ਹਰਾ ਕੇ ਰਾਜ ਵੀ ਕੀਤਾ। ਪਿਸ਼ਾਵਰ ਅਤੇ ਦੱਰਾ ਖ਼ੈਬਰ ਤੱਕ ਦੀਆਂ ਜਿੱਤਾਂ ਰਾਜਨੀਤਿਕ ਤੌਰ ’ਤੇ ਹੀ ਨਹੀਂ, ਮਨੋਵਿਗਿਆਨਕ ਤੌਰ ’ਤੇ ਵੀ ਬਹੁਤ ਮਹੱਤਵਪੂਰਨ ਸਨ। ਕਿਉਂਕਿ ਹੁਣ ਅਫਗਾਨਿਸਤਾਨ ਅਤੇ ਉਸ ਤੋਂ ਪਾਰ ਤੋਂ ਆਉਣ ਵਾਲੇ ਧਾੜਵੀਆਂ ਨੂੰ ਸਿੱਖਾਂ ਦੀ ਤਾਕਤ ਦਾ ਅੰਦਾਜ਼ਾ ਹੋ ਗਿਆ ਸੀ।

ਅਗਰ ਮਹਾਰਾਜਾ ਰਣਜੀਤ ਸਿੰਘ ਛੋਟੀਆਂ-ਛੋਟੀਆਂ ਅਤੇ ਕਮਜ਼ੋਰ ਹੋ ਚੁੱਕੀਆਂ ਸਿੱਖ ਮਿਸਲਾਂ ਨੂੰ ਇਕੱਠਿਆਂ ਕਰ ਕੇ ਇਕ ਸ਼ਕਤੀਸ਼ਾਲੀ ਅਤੇ ਕੇਂਦਰੀ ਸਿੱਖ ਰਾਜ ਦੀ ਸਥਾਪਨਾ ਨਾ ਕਰਦਾ ਤਾਂ ਪਤਾ ਨਹੀਂ ਕਿਤਨੀ ਵਾਰ ਮੁਸਲਿਮ ਧਾੜਵੀ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਕਾਬਲ ਦੇ ਇਲਾਕਿਆਂ ਵਿਚੋਂ ਇਸਲਾਮ ਦਾ ਝੰਡਾ ਚੁੱਕ ਕੇ ਅਤੇ ਜਹਾਦ ਦੇ ਨਾਂ ਥੱਲੇ ਲੱਖਾਂ ਬੇਦੋਸ਼ੇ ਹਿੰਦੁਸਤਾਨੀਆਂ ਨੂੰ ‘ਹਲਾਲ’ ਕਰਦੇ, ਧਾਰਮਿਕ ਅਸਥਾਨਾਂ ਦੀ ਲੁੱਟਮਾਰ ਕਰਦੇ, ਮਨੁੱਖੀ ਖੋਪੜੀਆਂ ਦੇ ਕਿਤਨੇ ਕੁ ਮੀਨਾਰ ਬਣਾਉਂਦੇ, ਧੀਆਂ ਭੈਣਾਂ ਦੀ ਇੱਜ਼ਤ ਨਾਲ ਖੇਡਦੇ ਅਤੇ ਆਪਣੀ ਹੀ ਮਰਜ਼ੀ ਨਾਲ ਪਿਛਾਂਹ ਮੁੜ ਜਾਂਦੇ। ਪਰ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1834 ਵਿਚ ਪਿਸ਼ਾਵਰ ਉੱਤੇ ਆਪਣਾ ਪੱਕਾ ਅਧਿਕਾਰ ਜਮਾ ਲਿਆ ਤਾਂ ਕਾਬਲ ਦਾ ਸ਼ਾਹ ਮੁਹੰਮਦ ਬਹੁਤ ਕਰੋਧਿਤ ਹੋਇਆ ਅਤੇ ਉਸ ਨੇ ਮਹਾਰਾਜੇ ਵੱਲ ਇਕ ਗੁੱਸੇ ਭਰੀ ਚਿੱਠੀ ਲਿਖੀ : “ਜੇਕਰ ਤੁਸੀਂ ਹੰਕਾਰ ਕਰ ਕੇ ਮੇਰੀ ਗੱਲ ਵੱਲ ਧਿਆਨ ਨਹੀਂ ਦਿਓਗੇ ਤਾਂ ਮੈਂ ਸਿੱਖ ਫੌਜ ਨੂੰ ਸਿਰਫ਼ ਪਿਸ਼ਾਵਰ ਤੋਂ ਹੀ

ਨਹੀਂ ਬਲਕਿ ਸਾਰੇ ਪੰਜਾਬ ਵਿਚੋਂ ਕੱਢ ਦਿਆਂਗਾ। ਮੈਂ ਗਾਜ਼ੀਆਂ ਦੀ ਇਕ ਅਜਿਹੀ ਸੈਨਾ ਬਣਾਵਾਂਗਾ ਜੋ ਲੜਾਈ ਵਿਚ ਆਪਣੇ ਪ੍ਰਾਣਾਂ ਦੀ ਰਤਾ ਵੀ ਪ੍ਰਵਾਹ ਨਹੀਂ ਕਰੇਗੀ। ਮੈਂ ਚਾਰੇ ਪਾਸੇ ਅਫਰਾ ਤਫਰੀ ਫੈਲਾ ਦਿਆਂਗਾ।" ਅੱਗੋਂ ਮਹਾਰਾਜਾ ਇਹੋ ਜਿਹੀਆਂ ਗਿੱਦੜ ਭੱਬਕੀਆਂ ਤੋਂ ਡਰਨ ਵਾਲਾ ਨਹੀਂ ਸੀ, ਉਸ ਨੇ ਉਸ ਨੂੰ ਇਹ ਉੱਤਰ ਭੇਜਿਆ : "ਜੇਕਰ ਬਾਰਕਜ਼ਈ ਲੋਕ ਕੋਈ ਸਾਜ਼ਿਸ਼ ਕਰਨਗੇ ਤਾਂ ਉਨ੍ਹਾਂ ਨੂੰ ਪਛਤਾਉਣਾ ਪਵੇਗਾ ਅਤੇ ਉਨ੍ਹਾਂ ਨੂੰ ਇਕ ਅਜਿਹੀ ਲੜਾਈ ਲੜਨੀ ਪਵੇਗੀ ਜਿਹੜੀ ਅੱਜ ਤੱਕ ਉਨ੍ਹਾਂ ਨੇ ਦੇਖੀ ਨਹੀਂ ਹੋਵੇਗੀ।" ਪੰਜਾਬ ਦੇ ਬੱਬਰ ਸ਼ੇਰ ਦੀ ਇਹ ਅਸਲੀ ਬੜ੍ਹਕ ਸੀ।

ਮਹਾਰਾਜਾ ਰਣਜੀਤ ਸਿੰਘ ਇਸ ਗੱਲ ਤੋਂ ਭਲੀ ਭਾਂਤ ਜਾਣੂੰ ਸੀ ਕਿ ਜਿਤਨੀ ਦੇਰ ਤੱਕ ਉਸ ਦੇ ਰਾਜ ਦੀ ਉੱਤਰ-ਪੱਛਮੀ ਸੀਮਾ ਅਤੇ ਉਸ ਦੇ ਨਾਲ ਲੱਗਦੇ ਇਲਾਕਿਆਂ ਉਤੇ ਉਸ ਦਾ ਦਬਦਬਾ ਨਹੀਂ ਬਣਦਾ ਉਤਨੀ ਦੇਰ ਤੱਕ ਉਸ ਦਾ ਰਾਜ ਪੂਰਨ ਤੌਰ 'ਤੇ ਸੁਰੱਖਿਅਤ ਨਹੀਂ ਹੋ ਸਕਦਾ ਸੀ। ਸੰਨ 1798 ਨੂੰ ਜਦੋਂ ਸ਼ਾਹ ਜ਼ਮਾਨ ਨੂੰ ਕਾਬਲ ਦੇ ਤਖ਼ਤ ਤੋਂ ਪਾਸੇ ਕਰ ਦਿੱਤਾ ਗਿਆ ਉਦੋਂ ਤੋਂ ਹੀ ਅਫਗਾਨਿਸਤਾਨ ਵਿਚ ਗ੍ਰਹਿ-ਯੁੱਧ ਦੀ ਹਾਲਤ ਬਣ ਗਈ ਸੀ। ਅਗਲੇ ਦਸਾਂ ਸਾਲਾਂ ਵਿਚ ਉਥੇ ਅਨੇਕਾਂ ਵਾਰ ਉਥਲ-ਪੁਥਲ ਹੋਈ ਅਤੇ ਰਾਜ-ਸੱਤਾ ਤੈਮੂਰ ਸ਼ਾਹ ਦੇ ਪੁੱਤਰਾਂ ਹੱਥ ਤੇਜ਼ੀ ਨਾਲ ਆਉਂਦੀ ਜਾਂਦੀ ਰਹੀ। ਅਜਿਹੀ ਸਥਿਤੀ ਰਹਿਣ ਨਾਲ ਅਫਗਾਨਿਸਤਾਨ ਰਾਜਸੀ ਤੌਰ 'ਤੇ ਕਮਜ਼ੋਰ ਹੋ ਗਿਆ ਸੀ ਅਤੇ ਤਾਕਤ ਬਾਰਕਜ਼ਈ ਪਠਾਣ ਭਰਾਵਾਂ ਦੇ ਹੱਥ ਆ ਗਈ ਸੀ। ਇਹਨਾਂ ਨੇ ਕਾਬਲ ਤੋਂ ਇਲਾਵਾ ਦੂਸਰੇ ਇਲਾਕਿਆਂ 'ਤੇ ਵੀ ਆਪਣੀ ਚੌਧਰ ਕਾਇਮ ਕਰ ਲਈ ਸੀ। ਪਰ ਇਹ ਭਰਾ ਵੀ ਆਪਸ ਵਿਚ ਵੀ ਵੰਡੇ ਹੋਏ ਸਨ, ਜਿਸ ਕਰ ਕੇ ਮੁਲਤਾਨ, ਕਸ਼ਮੀਰ, ਅਟਕ, ਡੇਰਾਜਾਤ ਅਤੇ ਪਿਸ਼ਾਵਰ ਹੌਲੀ-ਹੌਲੀ ਕਾਬਲ ਦੇ ਝੰਡੇ ਥੱਲਿਓਂ ਨਿਕਲ ਚੁੱਕੇ ਸਨ। ਸਿੱਖ ਮਿਸਲਾਂ ਵਾਂਗ ਇਹ ਆਪਸ ਵਿਚ ਵੰਡੇ ਹੋਏ ਸਨ। ਇਹਨਾਂ ਕਮਜ਼ੋਰ ਮੁਸਲਿਮ ਰਿਆਸਤਾਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਵਾਰੀ-ਵਾਰੀ ਲਾਹੌਰ ਰਾਜ ਨਾਲ ਮਿਲਾ ਲਿਆ। ਅਗਰ ਅਹਿਮਦ ਸ਼ਾਹ ਅਬਦਾਲੀ ਦੀ ਮੌਤ ਤੋਂ ਬਾਅਦ ਕਾਬਲ ਵਿਚ ਰਾਜਸੀ ਸਥਿਰਤਾ ਕਾਇਮ ਰਹਿੰਦੀ ਤਾਂ ਇਸ ਪਾਸੇ (ਉੱਤਰ ਪੱਛਮ) ਵਧਣਾ ਮਹਾਰਾਜੇ ਵਾਸਤੇ ਬਹੁਤ ਮੁਸ਼ਕਿਲ ਹੋ ਜਾਣਾ ਸੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਹਾਰਾਜੇ ਨੇ ਅਫਗਾਨਿਸਤਾਨ ਵਿਚ ਵੀ ਗੜਬੜ ਦਾ ਪੂਰਾ ਲਾਭ ਉਠਾਉਂਦਿਆਂ ਅਤੇ ਆਪਣੇ ਰਾਜ ਦੀ ਉੱਤਰ ਪੱਛਮੀ ਸੀਮਾ ਵੱਲ ਵਿਸ਼ੇਸ਼ ਧਿਆਨ ਦਿੰਦਿਆਂ, ਜੋ ਜੋ ਇਲਾਕੇ ਜਿੱਤੇ ਉਥੇ ਉਥੇ ਤਕੜੀ ਸੈਨਾ ਰੱਖੀ ਅਤੇ ਕਿਲ੍ਹੇ ਬਣਵਾਏ। ਸਰਦਾਰ ਹਰੀ ਸਿੰਘ ਨਲਵੇ ਵਰਗੇ ਜਾਂਬਾਜ਼ ਜਰਨੈਲ ਨੂੰ ਉਸ ਇਲਾਕੇ ਦੀਆਂ ਫੌਜਾਂ ਦਾ ਸੈਨਾਪਤੀ ਅਤੇ ਕਰ ਉਗਰਾਹਕ ਨਿਯੁਕਤ ਕੀਤਾ। ਮਹਾਰਾਜੇ ਨੇ ਰਾਜਨੀਤਿਕ ਤੌਰ 'ਤੇ ਵੀ ਅਫਗਾਨਿਸਤਾਨ ਉਤੇ ਗਲਬਾ ਪਾਉਣ ਦਾ ਯਤਨ ਕੀਤਾ ਜਦੋਂ ਉਸ ਨੇ ਕਾਬਲ ਦੀ ਗੱਦੀ ਤੋਂ ਲੱਥੇ ਸ਼ਾਹ ਸ਼ੁਜਾ-ਉਲ-ਮੁਲਕ ਨੂੰ ਵਾਪਸ ਗੱਦੀ ਪ੍ਰਾਪਤ ਕਰਨ ਲਈ ਸਹਾਇਤਾ ਕਰਨ ਦੀ ਪਾਲਿਸੀ ਬਣਾਈ। ਅਫਗਾਨਿਸਤਾਨ ਉੱਤੇ ਰਾਜਸੀ ਅਤੇ ਫ਼ੌਜੀ ਦਬਾਅ ਹੋਣ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਇਕ ਵਾਰ ਵੀ ਸਿੰਧ ਤੋਂ ਇਸ ਪਾਸੇ ਕੋਈ ਹਮਲਾ ਨਹੀਂ ਹੋਇਆ। ਉੱਤਰ-ਪੱਛਮ ਵੱਲੋਂ ਆਉਂਦੇ ਮੁਸਲਿਮ ਲੁਟੇਰੇ ਸਦਾ ਵਾਸਤੇ ਸ਼ਾਂਤ ਹੋ ਗਏ। ਜਿਸ ਤਰ੍ਹਾਂ ਕਿ ਅਸੀਂ ਪਹਿਲੇ ਵੀ ਦੱਸ ਚੁੱਕੇ ਹਾਂ ਕਿ ਰਾਜਾ ਜੈ ਪਾਲ ਦੇ ਪੁੱਤਰ ਆਨੰਦਪਾਲ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਹਿੰਦੁਸਤਾਨ ਵਿਚ ਪਹਿਲਾ ਗੈਰ-ਮੁਸਲਿਮ ਸ਼ਾਸਕ ਹੋਇਆ ਜਿਸ ਨੇ ਪੰਜਾਬ ਵਿਚ ਆਪਣੇ ਬਲਬੂਤੇ ਇਕ ਤਕੜੀ ਸਿੱਖ ਰਾਜਸੀ ਸ਼ਕਤੀ ਕਾਇਮ ਕੀਤੀ ਅਤੇ ਉਸ ਨੂੰ ਉੱਤਰੀ ਪੱਛਮੀ ਖਿੱਤੇ ਦੀਆਂ ਮੁਸਲਮਾਨ ਤਾਕਤਾਂ ਤੋਂ ਵੱਧ ਲੜਾਕੂ ਅਤੇ ਸ਼ਕਤੀਸ਼ਾਲੀ ਵੀ ਸਾਬਤ ਕਰ ਕੇ ਦਿਖਾਇਆ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਉਪ ਸੰਪਾਦਕ**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

# ਭਟਨੂਰੇ (ਜਲੰਧਰ) ਦਾ ਪੱਠੇਦਾਰ ਵਿਅਕਤੀ

**ਇੰਜੀਨੀਅਰ ਪਰਮਿੰਦਰਜੀਤ ਸਿੰਘ/ਸੰਪਾਦਕ, 99153-57524**

ਸ. ਸੁਰਿੰਦਰ ਸਿੰਘ ਲੁਬਾਣਾ ਬਰਾਦਰੀ ਅਤੇ ਜਲੰਧਰ ਦਾ ਪਹਿਲਾ ਖਿਡਾਰੀ ਹੈ ਜਿਸ ਨੇ ਜਿਸਮ ਸੁਧਾਰਨ (ਬਾਡੀ ਬਿਲਡਿੰਗ) ਹੈਵੀ ਵੇਟ ਵਿਚ 'ਮਿਸਟਰ ਇੰਡੀਆ' ਦਾ ਖਿਤਾਬ 5 ਵਾਰ ਜਿੱਤਿਆ ਹੈ। ਇਸ ਤੋਂ ਇਲਾਵਾ ਦੋ ਹੋਰ ਖਿਤਾਬ ਵੀ ਮਿਲੇ ਹਨ ਜਿਵੇਂ ਕਿ 'ਮਿਸਟਰ ਹਿਮਾਲਿਆ' ਅਤੇ 'ਮਿਸਟਰ ਐਟਲਸ ਆਫ਼ ਇੰਡੀਆ'।

ਇਹ 5 ਫੁੱਟ 10 ਇੰਚ ਲੰਮਾ ਯੁਵਕ ਭਟਨੂਰਾ ਲੁਬਾਣਾ, ਜ਼ਿਲ੍ਹਾ ਜਲੰਧਰ ਦੇ ਸਰਦਾਰ ਸ਼ੇਰ ਸਿੰਘ ਦਾ ਸਪੁੱਤਰ ਹੈ। ਸ. ਸ਼ੇਰ ਸਿੰਘ ਨੇ ਭਾਰਤੀ ਸੈਨਾ ਦੇ ਤੋਪਖਾਨੇ ਵਿਚ ਸੇਵਾ ਕੀਤੀ ਹੈ। ਆਪ ਵੀ ਇਕ ਉੱਘੇ ਘੁਲਾਟੀਏ ਰਹੇ ਹਨ। ਇਨ੍ਹਾਂ ਦੇ ਹੋਰ ਦੋ ਲੜਕੇ ਅਤੇ ਇਕ ਧੀ ਵੀ ਹੈ।




ਸੁਰਿੰਦਰ ਸਿੰਘ 1971 ਈ. ਵਿਚ ਭਾਰਤੀ ਨੌਂ ਸੈਨਾ (ਇੰਡੀਅਨ ਨੇਵੀ) ਵਿਚ ਭਰਤੀ ਹੋ ਗਿਆ ਸੀ। ਇਥੇ ਹੀ ਇਸ ਨੂੰ ਜਿਸਮ ਸੁਧਾਰਨ (ਬਾਡੀ ਬਿਲਡਿੰਗ) ਦਾ ਸ਼ੌਂਕ ਹੋ ਗਿਆ। ਕੁਝ ਸਮੇਂ ਉਪਰੰਤ ਇਸ ਨੇ ਮੁੰਬਈ ਦੀਆਂ ਉੱਚ ਪੱਧਰੀ ਭੌਤਿਕ (ਸਰੀਰਕ) ਮੁਕਾਬਲਿਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਚੰਗੇ ਸਥਾਨ ਪ੍ਰਾਪਤ ਕੀਤੇ। 'ਮਿਸਟਰ ਮਹਾਰਾਸ਼ਟਰਾ' ਲਈ ਮੁਕਾਬਲੇ ਵਿਚ ਇਹ ਦੂਸਰੇ ਨੰਬਰ 'ਤੇ ਆਇਆ। 1975-1977 ਈ. ਦੌਰਾਨ ਇਸ ਨੇ ਅੰਤਰ ਸਰਵਿਸ (ਇੰਟਰ ਸਰਵਿਸਿਜ਼) ਮੁਕਾਬਲਿਆਂ ਵਿਚ ਹਿੱਸਾ ਲਿਆ ਅਤੇ ਚੰਗੀ ਪੁਜ਼ੀਸ਼ਨ ਹਾਸਲ ਕੀਤੀ। 1977 (ਦਾਰਜੀਲਿੰਗ), 1983 (ਕਲਕੱਤਾ), 1985 (ਰਾਜਾਮੁੰਦਰਾ ਆਂਧਰਾ ਪ੍ਰਦੇਸ਼), 1987 (ਇੰਦੌਰ ਐਮ.ਪੀ.) ਵਿਚ 'ਮਿਸਟਰ ਇੰਡੀਆ' ਦੇ ਮੁਕਾਬਲੇ ਵਿਚ ਇਨ੍ਹਾਂ ਨੂੰ ਪਹਿਲੇ ਸਥਾਨ ਪ੍ਰਾਪਤ ਕੀਤੇ।




1978 ਈ. ਵਿਚ ਹੈਦਰਾਬਾਦ ਵਿਖੇ ਹੋਏ 'ਅੰਤਰ ਸਰਵਿਸਿਜ਼ ਮੁਕਾਬਲੇ' ਵਿਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਫਿਰ ਦਾਰਜੀਲਿੰਗ ਵਿਖੇ ਹੋਏ 'ਮਿਸਟਰ ਇੰਡੀਆ' ਮੁਕਾਬਲੇ ਵਿਚ ਇਨ੍ਹਾਂ ਨੇ ਮਨਭਾਉਂਦਾ ਤਾਜ ਜਿੱਤ ਲਿਆ। ਬਾਅਦ ਵਿਚ ਇਨ੍ਹਾਂ ਨੂੰ 'ਮਿਸਟਰ ਹਿਮਾਲਿਆ' ਦਾ ਖਿਤਾਬ ਵੀ ਦਿੱਤਾ ਗਿਆ। 1978 ਈ. ਵਿਚ ਕਲਕੱਤਾ ਵਿਖੇ ਹੋਏ ਮੁਕਾਬਲੇ ਵਿਚ 'ਮਿਸਟਰ ਐਟਲਸ ਆਫ਼ ਇੰਡੀਆ' ਦਾ ਖਿਤਾਬ ਜਿੱਤਿਆ।

ਆਪ ਜੀ ਨੇ ਭਾਰਤੀ ਨੌ ਸੈਨਾ ਵਿਚ ਰਹਿੰਦਿਆਂ 1977-78-79-80-81-82-83-85 ਵਿਚ ਲਗਾਤਾਰ ਗੋਲਡ ਮੈਡਲ ਜਿੱਤੇ। ਸ. ਸੁਰਿੰਦਰ ਸਿੰਘ 1996 ਈ. ਵਿਚ ਇੰਡੀਆ ਟੀਮ ਦੇ (ਨਿਊ ਦਿੱਲੀ ਵਿਖੇ ਮਿਸਟਰ ਏਸ਼ੀਆ ਖੇਡਾਂ ਦੌਰਾਨ) ਕੋਚ ਵੀ ਰਹੇ।



ਸੁਰਿੰਦਰ ਸਿੰਘ ਆਪਣੀ ਸਫ਼ਲਤਾ ਲਈ ਆਪਣੇ ਉਸਤਾਦ



ਮਿਸਟਰ ਸਦੀਕੀ ਦਾ ਅਹਿਸਾਨਮੰਦ ਹੈ। ਆਪ ਆਈ.ਐਨ.ਐਸ. ਐਂਗਰੇ (ਸਪੋਰਟਸ) ਬਾਡੀ ਬਿਲਡਿੰਗ ਟੀਮ ਵਿਚ ਵੀ ਲੰਮਾ ਸਮਾਂ ਰਹੇ।ਆਪ ਹਰ ਰੋਜ਼ ਘੰਟਿਆਂਬੱਧੀ ਪੱਠਿਆਂ ਨੂੰ ਤਕੜੇ ਕਰਨ ਵਾਸਤੇ ਕਸਰਤ ਕਰਿਆ ਕਰਦੇ ਸਨ ਅਤੇ ਲੋੜ ਅਨੁਸਾਰ ਖੁਰਾਕ ਵੀ ਲੈਂਦੇ ਸਨ। ਸੁਰਿੰਦਰ ਸਿੰਘ ਦਾ ਵਿਆਹ ਪਿੰਡ ਗਿਲਜੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਬੀਬੀ ਸੁਰਜੀਤ ਕੌਰ ਨਾਲ ਹੋਇਆ। ਆਪ ਜੀ ਦੇ ਦੋ ਲੜਕੇ ਹਨ। ਵੱਡਾ ਲੜਕਾ ਮੈਰੀਨ ਇੰਜੀਨੀਅਰ ਅਤੇ ਛੋਟਾ ਲੜਕਾ ਯੂ.ਐਸ.ਏ. ਵਿਚ ਸੈਟਲ ਹੈ।

ਰਿਟਾਇਰਮੈਂਟ ਤੋਂ ਬਾਅਦ ਸ. ਸੁਰਿੰਦਰ ਸਿੰਘ (ਮੋ. 98766-92677) ਹੁਣ ਸੁਖੀ ਜੀਵਨ ਪੰਚ ਰਤਨ ਕਾਲੋਨੀ, ਕੈਂਟ ਜਲੰਧਰ ਵਿਖੇ ਬਤੀਤ ਕਰ ਰਹੇ ਹਨ।ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਨੂੰ ਲੰਮੀ ਉਮਰ ਬਖਸ਼ੇ।



**ਲੈਫਟੀਨੈਂਟ ਸੁਰਿੰਦਰ ਸਿੰਘ (ਰਿਟਾ.)**



**ਫਾਊਂਡੇਸ਼ਨ ਦੇ ਜਿਹੜੇ ਮੈਂਬਰਾਂ ਪਾਸ ਮੈਂਬਰਸ਼ਿਪ ਕਾਰਡ ਨਹੀਂ ਹਨ ਉਹ ਕ੍ਰਿਪਾ ਕਰਕੇ ਫਾਊਂਡੇਸ਼ਨ ਨੂੰ ਬਾਕਾਇਦਾ ਫਾਰਮ ਭਰ ਕੇ ਸਮੇਤ ਦੋ ਫੋਟੋਆਂ ਤੁਰੰਤ ਅਪਲਾਈ ਕਰਨ ਤਾਂ ਜੋ ਮੈਂਬਰਸ਼ਿਪ ਕਾਰਡ ਜਾਰੀ ਕੀਤਾ ਜਾਵੇ।**

**- ਸੰਪਾਦਕ**

# ਆਓ ਜਾਣੀਏ !

- ਸੰਪਾਦਕ

1. 2011 ਦੀ ਜਨਗਣਨਾ ਅਨੁਸਾਰ ਸਾਖਰਤਾ ਪੱਖੋਂ ਪੰਜਾਬ ਦਾ ਭਾਰਤ ਦੇ ਰਾਜਾਂ ਵਿਚ ਕਿੰਨਵਾਂ ਸਥਾਨ ਹੈ।
ੳ) 18ਵਾਂ ਅ) 19ਵਾਂ
ੲ) 20ਵਾਂ ਸ) 14ਵਾਂ (ਸ)

2. 2011 ਦੀ ਜਨਗਣਨਾ ਅਨੁਸਾਰ ਪੰਜਾਬ ਵਿਚ ਵਸੇ ਹੋਏ ਪਿੰਡਾਂ ਦੀ ਕੁੱਲ ਗਿਣਤੀ ਹੈ?
ੳ) 12,450 ਅ) 12,428
ੲ) 11,428 ਸ) 12,581 (ਸ)

3. ਰਾਜ ਪ੍ਰਬੰਧ ਦੀ ਸਹੂਲਤ ਲਈ ਪੰਜਾਬ ਵਿਚ ਡਵੀਜ਼ਨਾਂ/ਮੰਡਲਾਂ ਦੀ ਗਿਣਤੀ ਹੈ?
ੳ) 5 ਅ) 6
ੲ) 3 ਸ) 4 (ੳ)

4. ਇਹਨਾਂ ਵਿਚੋਂ ਕਿਹੜਾ ਦਰਿਆ ਅਜੋਕੇ ਪੰਜਾਬ ਵਿਚੋਂ ਨਹੀਂ ਲੰਘਦਾ।
ੳ) ਘੱਗਰ ਅ) ਸਤਲੁਜ
ੲ) ਰਾਵੀ ਸ) ਬਿਆਸ (ੲ)

5. ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ਕਿੰਨੇ ਸ਼ਬਦ, ਸਲੋਕ, ਸਵੱਈਏ ਆਦਿ ਹਨ।
ੳ) 1958 ਅ) 5866
ੲ) 5955 ਸ) 4948 (ਅ)

6. 2011 ਦੀ ਜਨਗਣਨਾ ਅਨੁਸਾਰ ਪੰਜਾਬ ਵਿਚ ਸਭ ਤੋਂ ਵੱਧ ਮਾਤਰਾ ਵਾਲਾ ਜ਼ਿਲ੍ਹਾ ਕਿਹੜਾ ਹੈ?
ੳ) ਜਲੰਧਰ ਅ) ਲੁਧਿਆਣਾ
ੲ) ਫਿਰੋਜ਼ਪੁਰ ਸ) ਅੰਮ੍ਰਿਤਸਰ (ਅ)

7. ਪੰਜਾਬ ਭਾਰਤ ਦੀ ਕਿਸ ਦਿਸ਼ਾ ਵਿਚ ਆਉਂਦਾ ਹੈ?
ੳ) ਪੂਰਬ-ਪੱਛਮ ਅ) ਉੱਤਰ-ਪੱਛਮ
ੲ) ਉੱਤਰ-ਦੱਖਣ ਸ) ਪੂਰਵ-ਦੱਖਣ (ਅ)

8. 2011 ਦੀ ਜਨਗਣਨਾ ਅਨੁਸਾਰ ਪੰਜਾਬ ਦਾ ਸਭ ਤੋਂ ਘੱਟ ਘਣਤਾ ਵਾਲਾ ਜ਼ਿਲ੍ਹਾ ਹੈ?
ੳ) ਮਾਨਸਾ ਅ) ਫਿਰੋਜ਼ਪੁਰ
ੲ) ਜਲੰਧਰ ਸ) ਮੁਕਤਸਰ (ੳ)

9. 2011 ਦੀ ਜਨਗਣਨਾ ਅਨੁਸਾਰ ਪੰਜਾਬ ਵਿਚ ਸਭ ਤੋਂ ਵੱਧ ਜਨਸੰਖਿਆ ਵਾਲਾ ਜ਼ਿਲ੍ਹਾ ਹੈ?
ੳ) ਲੁਧਿਆਣਾ ਅ) ਪਟਿਆਲਾ
ੲ) ਹੁਸ਼ਿਆਰਪੁਰ ਸ) ਅੰਮ੍ਰਿਤਸਰ (ੳ)

10. ਕਿਸ ਸ਼ਹਿਰ ਨੂੰ 'ਪੰਜਾਬ ਦਾ ਮਾਨਚੈਸਟਰ' ਹੋਣ ਦਾ ਮਾਣ ਹੈ?
ੳ) ਪਟਿਆਲਾ ਅ) ਲੁਧਿਆਣਾ
ੲ) ਬਟਾਲਾ ਸ) ਕਰਤਾਰਪੁਰ (ਅ)

# ਪੰਜਾਬ ਵਿਚ ਪੰਚਾਇਤੀ ਰਾਜ ਪ੍ਰਣਾਲੀ

**ਸੰਵਿਧਾਨ ਦੀ 73ਵੀਂ ਸੋਧ ਅਧੀਨ ਤਿੰਨ-ਪੱਧਰੀ ਪੰਚਾਇਤੀ ਰਾਜ ਪ੍ਰਣਾਲੀ (Three Tier Panchayati Raj System)** - ਪਿੰਡ ਪੱਧਰ 'ਤੇ ਗ੍ਰਾਮ ਪੰਚਾਇਤ, ਉਸ ਤੋਂ ਉੱਪਰ ਭਾਵ ਬਲਾਕ ਪੱਧਰ 'ਤੇ ਵਿਚਕਾਰਲੀ ਪੱਧਰ ਦੀ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਪ੍ਰੀਸ਼ਦ ਦੀ ਸਥਾਪਨਾ ਦੀ ਵਿਵਸਥਾ ਕੀਤੀ ਗਈ ਹੈ। ਰਾਜ ਸਰਕਾਰ ਨੂੰ ਇਹ ਵੱਖ-ਵੱਖ ਪੱਧਰ ਦੀਆਂ ਪੰਚਾਇਤਾਂ ਨੂੰ ਕੋਈ ਵੀ ਨਾਂਅ ਦਿੱਤੇ ਜਾਣ ਦੀ ਖੁੱਲ੍ਹ ਦਿੱਤੀ ਗਈ ਹੈ। ਇਸ ਤੋਂ ਉਪਰੰਤ 20 ਲੱਖ ਤੋਂ ਘੱਟ ਆਬਾਦੀ ਵਾਲੇ ਰਾਜਾਂ ਦੀ ਵਿਚਕਾਰਲੀ ਪੱਧਰ ਦੀ ਪੰਚਾਇਤੀ ਕਾਇਮ ਕਰਨ ਜਾਂ ਨਾ ਕਰਨ ਭਾਵ ਦੋ ਪੱਧਰੀ ਪੰਚਾਇਤੀ ਰਾਜ ਪ੍ਰਣਾਲੀ ਸਥਾਪਤ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਇਸ ਤੋਂ ਉਪਰੰਤ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਨੂੰ ਇਹ ਹਦਾਇਤ ਦਿੱਤੀ ਗਈ ਸੀ ਕਿ ਉਹ ਅਪ੍ਰੈਲ, 1994 ਤੱਕ ਆਪਣੇ-ਆਪਣੇ ਪੰਚਾਇਤੀ ਰਾਜ ਕਾਨੂੰਨਾਂ ਵਿਚ ਸੋਧ ਕਰਕੇ ਪੰਚਾਇਤੀ ਰਾਜ ਪ੍ਰਣਾਲੀ ਨੂੰ 73ਵੀਂ ਸੰਵਿਧਾਨਿਕ ਸੋਧ ਵਿਚ ਕੀਤੀਆਂ ਗਈਆਂ ਵਿਵਸਥਾਵਾਂ ਦੇ ਅਨੁਕੂਲ ਬਣਾਉਣ, ਇਹਨਾਂ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਵੱਖ-ਵੱਖ ਰਾਜਾਂ ਦੁਆਰਾ ਆਪਣੇ-ਆਪਣੇ ਪੰਚਾਇਤੀ ਰਾਜ ਕਾਨੂੰਨਾਂ ਵਿਚ ਲੋੜੀਂਦੀ ਸੋਧ ਕੀਤੀ ਗਈ ਅਤੇ 24 ਅਪ੍ਰੈਲ, 1994 ਨੂੰ ਨਵੀਂ ਪੰਚਾਇਤੀ ਰਾਜ ਪ੍ਰਣਾਲੀ ਨੂੰ ਲਾਗੂ ਕਰਨ ਦੇ ਆਦੇਸ਼ ਦਿੱਤੇ ਗਏ।

ਪੰਜਾਬ ਵਿਚ ਪੰਚਾਇਤੀ ਰਾਜ ਪ੍ਰਣਾਲੀ ਨੂੰ 73ਵੀਂ ਸੰਵਿਧਾਨਿਕ ਸੋਧ ਅਧੀਨ ਕੀਤੀਆਂ ਵਿਵਸਥਾਵਾਂ ਦੇ ਅਨੁਕੂਲ ਬਣਾਉਣ ਲਈ 1994 ਵਿਚ ਪੰਜਾਬ ਪੰਚਾਇਤ ਰਾਜ ਐਕਟ (Punjab Panchayat Raj Act, 1994) ਪਾਸ ਕੀਤਾ ਗਿਆ ਜੋ ਕਿ 21 ਅਪ੍ਰੈਲ, 1994 ਨੂੰ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਰਾਹੀਂ ਲਾਗੂ ਕੀਤਾ ਗਿਆ। ਇਸ ਕਾਨੂੰਨ ਅਧੀਨ ਪੰਜਾਬ ਵਿਚ ਤਿੰਨ-ਪੱਧਰੀ (Three Tier) ਪੰਚਾਇਤੀ ਰਾਜ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ ਜਿਸ ਵਿਚ ਹੇਠ ਲਿਖੀਆਂ ਸੰਸਥਾਵਾਂ ਸ਼ਾਮਲ ਹਨ -

1. ਪਿੰਡ ਪੱਧਰ 'ਤੇ ਗ੍ਰਾਮ ਪੰਚਾਇਤ
2. ਬਲਾਕ ਪੱਧਰ 'ਤੇ ਪੰਚਾਇਤ ਸੰਮਤੀ ਅਤੇ
3. ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਪ੍ਰੀਸ਼ਦ

**ਨੋਟ** - ਚੁਣਾਵ ਖੇਤਰ ਦੇ ਸਾਰੇ ਮਤਦਾਤਾਵਾਂ ਨੂੰ ਗ੍ਰਾਮ ਸਭਾ ਦਾ ਨਾਂ ਦਿੱਤਾ ਗਿਆ ਹੈ।

**ਗ੍ਰਾਮ ਪੰਚਾਇਤ** - ਗ੍ਰਾਮ ਪੰਚਾਇਤ ਭਾਰਤ ਵਿਚ ਪੰਚਾਇਤੀ ਰਾਜ ਪ੍ਰਣਾਲੀ ਦੀ ਸਭ ਤੋਂ ਮਹੱਤਵਪੂਰਨ ਇਕਾਈ ਹੈ ਜਿਸ ਦੁਆਰਾ ਪਿੰਡ ਦੇ ਲੋਕ ਆਪਣਾ ਪ੍ਰਬੰਧ ਆਪ ਚਲਾਉਂਦੇ ਹਨ। ਪੰਜਾਬ ਵਿਚ ਪੰਜਾਬ ਪੰਚਾਇਤ ਰਾਜ ਐਕਟ, 1994 ਅਧੀਨ ਹਰ ਪਿੰਡ ਜਿਸ ਦੀ ਆਬਾਦੀ 200 ਜਾਂ ਇਸ ਤੋਂ ਵੱਧ ਹੈ, ਲਈ ਗ੍ਰਾਮ ਪੰਚਾਇਤ ਦਾ ਗਠਨ ਕੀਤਾ ਜਾਂਦਾ ਹੈ। ਜਿਨ੍ਹਾਂ ਪਿੰਡਾਂ ਦੀ ਆਬਾਦੀ 200 ਤੋਂ ਘੱਟ ਹੈ, ਉਥੇ ਦੋ ਜਾਂ ਤਿੰਨ ਪਿੰਡਾਂ ਦੀ ਸਾਂਝੀ ਪੰਚਾਇਤ ਕਾਇਮ ਕਰ ਦਿੱਤੀ ਜਾਂਦੀ ਹੈ ਪ੍ਰੰਤੂ ਸਰਕਾਰ ਪਿੰਡਾਂ ਵਿਚਕਾਰ ਪਾਈ ਜਾਣ ਵਾਲੀ ਖੇਤਰੀ ਦੂਰੀ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ 200 ਤੋਂ ਘੱਟ ਆਬਾਦੀ ਵਾਲੇ ਪਿੰਡਾਂ ਦੀ ਵੱਖਰੀ ਪੰਚਾਇਤ ਦੀ ਵਿਵਸਥਾ ਕਰ ਸਕਦੀ ਹੈ।

**ਮੈਂਬਰਾਂ ਦੀ ਗਿਣਤੀ** - ਗ੍ਰਾਮ ਪੰਚਾਇਤ ਵਿਚ ਇਕ ਸਰਪੰਚ ਤੋਂ ਕੁਝ ਪੰਚ ਹੁੰਦੇ ਹਨ ਜਿਨ੍ਹੰ ਦੀ ਗਿਣਤੀ ਭਿੰਨ-ਭਿੰਨ ਰਾਜਾਂ ਵਿਚ ਵੱਖ-ਵੱਖ ਹੁੰਦੀ ਹੈ। ਪੰਜਾਬਪੰਚਾਇਤ ਐਕਟ, 1994 ਅਨੁਸਾਰ ਪੰਜਾਬ ਵਿਚ ਪੰਚਾਂ ਦੀ ਗਿਣਤੀ 5 ਤੋਂ 13 ਤੱਕ ਹੋ ਸਕਦੀ ਹੈ ਜਿਸ ਦਾ ਸੰਖੇਪ ਵਰਨਣ ਹੇਠਾਂ ਦਿੱਤਾ ਗਿਆ ਹੈ।

| ਕ੍ਰਮ ਨੰ. | ਵਸੋਂ | ਪੰਚਾਂ ਦੀ ਗਿਣਤੀ |
|---|---|---|
| 1. | 200 ਤੋਂ 100 ਤੱਕ | 5 |
| 2. | 1000 ਤੋਂ 2000 ਤੱਕ | 7 |
| 3. | 2000 ਤੋਂ 5000 ਤੱਕ | 9 |
| 4. | 5000 ਤੋਂ 10,000 | 11 |
| 5. | 10,000 ਤੋਂ ਵੱਧ ਲਈ | 13 |

**ਚੋਣ** - ਗ੍ਰਾਮ ਪੰਚਾਇਤ ਦੇ ਮੈਂਬਰਾਂ ਦੀ ਚੋਣ ਗ੍ਰਾਮ ਸਭਾ ਦੇ ਮੈਂਬਰਾਂ ਦੁਆਰਾ ਪ੍ਰਤੱਖ ਰੂਪ ਵਿਚ ਗੁਪਤ ਮੱਤਦਾਨ ਰਾਹੀਂ ਕੀਤੀ ਜਾਂਦੀ ਹੈ ਅਤੇ ਗ੍ਰਾਮ ਸਭਾ ਬਹੁਮੈਂਬਰੀ ਇਕੱਲਾ ਚੋਣ ਖੇਤਰ ਹੋਵੇਗਾ।

**ਯੋਗਤਾਵਾਂ** - ਗ੍ਰਾਮ ਪੰਚਾਇਤ ਦਾ ਮੈਂਬਰ ਚੁਣੇ ਜਾਣ ਲਈ ਲੋੜੀਂਦੀਆਂ ਯੋਗਤਾਵਾਂ ਹਨ :

(1) ਵਿਅਕਤੀ ਭਾਰਤ ਦਾ ਨਾਗਰਿਕ ਹੋਣਾ ਚਾਹੀਦਾ ਹੈ।

(2) ਉਸ ਦਾ ਨੰ ਸਬੰਧਤ ਪਿੰਡ ਦੀ ਵੋਟਰ ਸੂਚੀ ਵਿਚ ਸ਼ਾਮਲ ਹੋਣਾ

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

ਚਾਹੀਦਾ ਹੈ।

(3) ਉਹ ਘੱਟੋ ਘੱਟ 21 ਸਾਲ ਦਾ ਹੋਣਾ ਚਾਹੀਦਾ ਹੈ।

(4) ਉਹ ਸਰਕਾਰੀ ਕਰਮਚਾਰੀ ਨਹੀਂ ਹੋਣਾ ਚਾਹੀਦਾ।

(5) ਉਹ ਦੋਸ਼ੀ ਨਾਂ ਹੋਵੇ ਅਤੇ ਅਦਾਲਤ ਦੁਆਰਾ ਚੋਣ ਲੜਨ ਦੇ ਅਯੋਗ ਘੋਸ਼ਿਤ ਨਾ ਕੀਤਾ ਗਿਆ ਹੋਵੇ।

(6) ਉਹ ਰਾਜ ਵਿਧਾਨ ਮੰਡਲ ਜਾਂ ਸੰਘੀ ਸੰਸਦ ਦਾ ਮੈਂਬਰ ਨਹੀਂ ਹੋਣਾ ਚਾਹੀਦਾ।

**ਸੀਟਾਂ ਦਾ ਰਾਖਵਾਂਕਰਨ** - ਪੰਜਾਬ ਪੰਚਾਇਤ ਰਾਜ ਐਕਟ, 1994 ਅਧੀਨ ਪੰਚਾਂ ਦੇ ਅਹੁਦੇ ਲਈ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਜਾਤੀਆਂ ਲਈ ਗ੍ਰਾਮ ਪੰਚਾਇਤ ਵਿਚ ਉਨ੍ਹਾਂ ਦੀ ਜਨਸੰਖਿਆ ਦੇ ਅਨੁਪਾਤ ਅਨੁਸਾਰ ਸੀਟਾਂ ਰਾਖਵੀਆਂ ਰੱਖੇ ਜਾਣ ਦੀ ਵਿਵਸਥਾ ਕੀਤੀ ਗਈ ਹੈ। ਜੇਕਰ ਕਿਸੇ ਗ੍ਰਾਮ ਸਭਾ ਦੇ ਖੇਤਰ ਵਿਚ ਪੱਛੜੀਆਂ ਸ਼੍ਰੇਣੀਆਂ ਦੀ ਜਨਸੰਖਿਆ ਕੁੱਲ ਜਨਸੰਖਿਆ ਦਾ 20% ਤੋਂ ਵੱਧ ਹੈ ਤਾਂ ਪੰਚ ਦੀ ਇਕ ਸੀਟ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਲਈ ਰਾਖਵੀਂ ਰੱਖੀ ਜਾਏਗੀ।

**ਇਸਤਰੀਆਂ ਲਈ ਸੀਟਾਂ ਦਾ ਰਾਖਵਾਂਕਰਨ** - (1) ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਰੱਖੀਆਂ ਗਈਆਂ ਸੀਟਾਂ ਦੀਆਂ ਘੱਟੋ-ਘੱਟ 1/3 ਸੀਟਾਂ ਅਨੁਸੂਚਿਤ ਜਾਤੀਆਂ ਦੀਆਂ ਇਸਤਰੀਆਂ ਲਈ ਰਾਖਵੀਆਂ ਰੱਖੀਆਂ ਜਾਣਗੀਆਂ।

(2) ਹਰ ਗ੍ਰਾਮ ਪੰਚਾਇਤ ਵਿਚ ਪੰਚਾਂ ਦੀਆਂ ਸੀਟਾਂ ਦੀ ਕੁੱਲ ਗਿਣਤੀ ਦਾ 1/3 ਭਾਗ, ਅਨੁਸੂਚਿਤ ਜਾਤੀਆਂ ਦੀਆਂ ਇਸਤਰੀਆਂ ਲਈ ਰਾਖਵੀਆਂ ਰੱਖੀਆਂ ਗਈਆਂ ਸੀਟਾਂ ਦੀ ਗਿਣਤੀ ਸਮੇਤ, ਇਸਤਰੀਆਂ ਲਈ ਰਾਖਵਾਂ ਰੱਖਿਆ ਜਾਵੇਗਾ।

**ਮਿਆਦ** - ਪੰਜਾਬ ਪੰਚਾਇਤ ਰਾਜ ਐਕਟ, 1994 ਅਨੁਸਾਰ ਗ੍ਰਾਮ ਪੰਚਾਇਤ ਦੀ ਮਿਾਦ ਉਸ ਦੀ ਪਹਿਲੀ ਮੀਟਿੰਗ ਦੀ ਮਿਤੀ ਤੋਂ 5 ਸਾਲ ਹੋਵੇਗੀ ਅਤੇ ਉਸ ਦਾ 5 ਸਾਲ ਦਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਨਵੀਆਂ ਚੋਣਾਂ ਕਰਾਉਣਾ ਲਾਜ਼ਮੀ ਹੋਵੇਗਾ। ਜੇਕਰ ਕਿਸੇ ਕਾਰਨ ਕਰਕੇ ਕਿਸੇ ਗ੍ਰਾਮ ਪੰਚਾਇਤ ਨੂੰ ਉਸ ਦਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਭੰਗ ਕਰ ਦਿੱਤਾ ਜਾਂਦਾ ਹੈ ਤਾਂ ਭੰਗ ਕੀਤੇ ਜਾਣ ਦੇ 6 ਮਹੀਨਿਆਂ ਦੇ ਅੰਦਰ-ਅੰਦਰ ਦੁਬਾਰਾ ਚੋਣਾਂ ਕਰਾਉਣੀਆਂ ਜ਼ਰੂਰੀ ਹੋਣਗੀਆਂ ਅਤੇ ਭੰਗ ਕੀਤੇ ਜਾਣ 'ਤੇ ਕਾਇਮ ਕੀਤੀ ਗਈ ਗ੍ਰਾਮ ਪੰਚਾਇਤ ਭੰਗ ਕੀਤੀ ਗਈ ਗ੍ਰਾਮ ਪੰਚਾਇਤ ਦੇ ਬਾਕੀ ਰਹਿੰਦੇ ਕਾਰਜਕਾਲ ਤੱਕ ਹੀ ਕਾਇਮ ਰਹੇਗੀ।

ਜੇਕਰ ਭੰਗ ਕੀਤੀ ਗਈ ਗ੍ਰਾਮ ਪੰਚਾਇਤ ਦੀ ਬਾਕੀ ਰਹਿੰਦੀ ਮਿਆਦ 6 ਮਹੀਨਿਆਂ ਤੋਂ ਘੱਟ ਹੈ ਤਾਂ ਬਾਕੀ ਰਹਿੰਦੇ ਸਮੇਂ ਲਈ ਨਵੀਂ ਗ੍ਰਾਮ ਪੰਚਾਇਤ ਦਾ ਗਠਨ ਨਹੀਂ ਕੀਤਾ ਜਾਵੇਗਾ।

**ਸਭਾਪਤੀ** (**Chairman**) - ਸਰਪੰਚ ਗ੍ਰਾਮ ਪੰਚਾਇਤ ਦਾ ਸਭਾਪਤੀ ਹੋਵੇਗਾ ਜਿਸ ਦੀ ਚੋਣ ਬਾਕੀ ਪੰਚਾਂ ਦੇ ਨਾਲ ਹੀ ਗ੍ਰਾਮ ਸਭਾ ਦੇ ਮੈਂਬਰਾਂ ਦੁਆਰਾ ਪ੍ਰਤੱਖ ਰੂਪ ਵਿਚ ਕੀਤੀ ਜਾਵੇਗੀ। ਸਰਪੰਚ ਦੇ ਅਹੁਦੇ ਦਾ ਕਾਰਜਕਾਲ ਪੰਚਾਇਤ ਦੇ ਕਾਰਜਕਾਲ ਦੇ ਸਮਾਨ ਹੋਵੇਗਾ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਵਧ ਰਿਹਾ ਤਲਾਕ ਦਾ ਰੁਝਾਨ ਤੇ ਹੱਲ

**ਡਾ. ਇੰਦਰਜੀਤ ਗੋਗੋਆਣੀ**



ਵਕਤ ਦੇ ਬਦਲਾਉ ਨਾਲ ਜਿੱਥੇ ਅਜੋਕੇ ਸਮਾਜ ਦੀ ਜੀਵਨ ਜਾਂਚ, ਰਹਿਣ-ਸਹਿਣ ਆਦਿ ਵਿਚ ਵੱਡੀ ਪੱਧਰ ’ਤੇ ਪਰਿਵਰਤਨ ਆਇਆ ਹੈ। ਉਥੇ ਸਾਡੇ ਸਮਾਜ ਵਿਚ ਅਨੇਕਾਂ ਪ੍ਰਕਾਰ ਦੀਆਂ ਸਮੱਸਿਆਵਾਂ ਤੇ ਉਲਝਣਾਂ ਵੀ ਪੈਦਾ ਹੋਈਆਂ ਹਨ। ਏਡਜ਼, ਨਸ਼ੇ, ਐਕਸੀਡੈਂਟ, ਚਿੰਤਾ, ਆਤਮ ਹੱਤਿਆਵਾਂ, ਦਾਜ-ਦਹੇਜ ਦੀਆਂ ਘਟਨਾਵਾਂ ਦੀ ਰਫ਼ਤਾਰ ਵੀ ਵਧੀ ਹੈ। ਇਹ ਮਨੁੱਖਤਾ ਲਈ ਖੂੰਖਾਰ ਤੇ ਖੌਫਜ਼ਦਾ ਮਸਲੇ ਹਨ। ਇਸੇ ਤਰ੍ਹਾਂ ਦੇ ਮਸਲਿਆਂ ’ਚ ਇਕ ਮਸਲਾ ਹੈ ਤਲਾਕ ਦਾ ਵਧ ਰਿਹਾ ਰੁਝਾਨ...।

ਕਦੇ ਇਹ ਪੱਛਮੀ ਦੇਸ਼ਾਂ ਦੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਸਨ ਕਿ ਪਤੀ/ਪਤਨੀ ’ਚੋਂ ਇਕ ਨੇ ਅਦਾਲਤ ਵਿਚ ਅਰਜ਼ੀ ਪਾ ਦਿੱਤੀ ਕਿ ਇਹ ਸੁੱਤਾ ਪਿਆ ਘੁਰਾੜੇ ਬਹੁਤ ਮਾਰਦਾ ਹੈ, ਇਸ ਲਈ ਤਲਾਕ ਲੈਣਾ। ਮੇਰਾ ਡਿੱਗਿਆ ਰੁਮਾਲ ਨਹੀਂ ਫੜਾਇਆ-ਤਲਾਕ। ਇਹਦਾ ਖਾਣ ਦਾ ਤਰੀਕਾ ਠੀਕ ਨਹੀਂ-ਤਲਾਕ। ਆਮ ਬੰਦੇ ਨੂੰ ਇ ਗੱਲਾਂ ਹਾਸੋਹੀਣੀਆਂ ਜਿਹੀਆਂ ਜਾਪਦੀਆਂ ਸਨ ਕਿ ਇਹਨਾਂ ’ਚ ਤਲਾਕ ਵਾਲੀ ਕਿਹੜੀ ਗੱਲ ਹੈ? ਇਧਰ ਸਾਡੇ ਪੰਜਾਬੀਆਂ ਦੀਆਂ ਸਿੱਧੀਆਂ-ਸਾਦੀਆਂ ਜਿਹੀਆਂ ਗੱਲਾਂ ਸਿਰਫ਼ ਕਹਿਣ ਮਾਤਰ ਹੀ ਹੁੰਦੀਆਂ ਸਨ ਕਿ ਆਟਾ ਗੁੰਨ੍ਹਦੀ ਦੇ ਵਾਲੇ ਹਿੱਲਦੇ ਐ ਜਾਂ ਰੋਟੀ ਖਾਂਦੇ ਦੀ ਦਾੜ੍ਹੀ ਹਿੱਲਦੀ ਐ। ਉਂਝ ਇਹ ਗੱਲਾਂ ਜਾਂ ਅਖਾਣ ਹੋਰਨਾਂ ਸੰਦਰਭਾਂ ਵਿਚ ਵਰਤੀਆਂ ਜਾਂਦੀਆਂ ਸਨ ਜਾਂ ਹਨ। ਨਾਲੇ ਅਸੀਂ ਤਲਾਕ ਕੀ ਦੇਣਾ ਸੀ ਸਾਡੇ ਤਾਂ ਬਹੁਤਿਆਂ ਦੇ ਵਿਆਹ ਹੀ ਸੌ-ਸੌ ਸੁੱਖਾਂ ਸੁੱਖ ਕੇ ਹੁੰਦੇ ਸਨ।

ਖੈਰ ! ਅਸਲ ਵਿਸ਼ੇ ਦੀ ਗੱਲ ਕਰੀਏ ਕਿ ‘ਵਿਆਹ’ ਸ਼ਬਦ ਦੇ ਸਮਾਨ ਅਰਥੀ ਅਨੇਕਾਂ ਸ਼ਬਦ ਸਮਾਜ ਵਿਚ ਪ੍ਰਚਲਤ ਹਨ ਜਿਵੇਂ ਸੁਅੰਬਰ, ਮੈਰਿਜ, ਨਿਕਾਹ, ਆਨੰਦ ਕਾਰਜ, ਲਾਵਾਂ ਜਾਂ ਹੋਰ ਵੱਖ-ਵੱਖ ਖਿੱਤਿਆਂ ਦੀ ਬੋਲੀ ਤੇ ਸੰਸਕਾਰਾਂ ਅਨੁਸਾਰ ਇਸ ਮਰਯਾਦਾ ਨੂੰ ਨੇਪਰੇ ਚਾੜ੍ਹਿਆ ਜਾਂਦਾ ਹੈ। ਇਹ ਹਰੇਕ ਇਸਤਰੀ ਜਾਂ ਪੁਰਸ਼ ਦੇ ਜੀਵਨ ਵਿਚ ਇਕ ਨਵਾਂ ਮੋੜ ਹੈ। ਕਿਸੇ ਸਮੇਂ ਛੋਟੀ ਉਮਰ ’ਚ ਕੀਤੇ ਜਾਂਦੇ ਵਿਆਹ ਭਾਵੇਂ ਅਨਜਾਣਪੁਣੇ ਤੇ ਭੋਲੇਪਣ ਵਿੱਚ ਹੁੰਦੇ ਸਨ, ਪਰ ਉਹ ਸਫਲ ਸਨ, ਪਰ ਅੱਜ ਹਰ ਨੌਜਵਾਨ ਬੱਚੇ/ਬੱਚੀ ਨੂੰ ਪੂਰੀ ਸਮਝ ਹੁੰਦੀ ਹੈ, ਫੇਰ ਵੀ ਕਈ ਵਾਰ ਅਸਫਲ ਹੁੰਦੇ ਹਨ। ਇਹਨਾਂ ਵਿਚੋਂ ‘ਤਲਾਕ’ ਦੀ ਘਟਨਾ ਜਨਮ ਲੈਂਦੀ ਹੈ। ਇਸ ਦੇ ਕਾਰਨ ਤੇ ਹੱਲ ਪ੍ਰਤੀ ਆਪਾਂ ਚਰਚਾ ਕਰ ਰਹੇ ਹਾਂ :-

ਪਹਿਲੀ ਗੱਲ ਕਿ ਵਿਆਹ ਇਕ ਪਵਿੱਤਰ ਬੰਧਨ ਹੈ। ਭਾਈ ਗੁਰਦਾਸ ਜੀ ਨੇ ਸਾਰੇ ਹੀ ਧਰਮਾਂ ਵਿਚੋਂ ਗ੍ਰਹਿਸਥੀ ਨੂੰ ਪ੍ਰਧਾਨ ਧਰਮ ਕਿਹਾ ਹੈ, ਉਹਨਾਂ ਦਾ ਕਥਨ ਹੈ :-

**ਸਕਲ ਧਰਮ ਮੈਂ ਗ੍ਰਿਹਸਤੁ ਪ੍ਰਧਾਨ ਹੈ।**

ਗ੍ਰਹਿਸਤੀ ਦੇ ਨਾਲ ਹੀ ਸਾਡੇ ਸਮਾਜ ਦਾ ਧਾਰਮਿਕ, ਰਾਜਨੀਤਿਕ, ਸਮਾਜਿਕ ਤੇ ਆਰਥਿਕ ਪੱਖ ਜੁੜਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਗ੍ਰਹਿਸਤੀ ਜੀਵਨ ਸੰਬੰਧੀ ਇਕ ਬਹੁਤ ਹੀ ਸੁੰਦਰ ਉਦਾਹਰਨ ਪੇਸ਼ ਕੀਤੀ ਹੈ :-

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥**

ਇਸ ਦਾ ਭਾਵ ਅਰਥ ਹੈ ਕਿ ਪਤੀ-ਪਤਨੀ ਦੋਹਾਂ ਦਾ ਇਕੱਠੇ ਬੈਠਣ ਦਾ ਨਾਉਂ ਨਹੀਂ ਹੈ ਸਗੋਂ ਤਦ ਹੀ ਅਖਵਾਉਣ ਦੇ ਹੱਕਦਾਰ ਹਨ ਜੇਕਰ ਪਿਆਰ ’ਚ ਦਰਵ ਕੇ ਦੋ ਰੂਹਾਂ ਤੋਂ ਇੱਕ ਹੋ ਜਾਣ। ਦੋ ਸਰੀਰਾਂ ਵਿਚ ਇਕ ਜੋਤ ਦਾ ਹੋਣਾ ਇਕਸਾਰਤਾ ਤੇ ਇਕਸੁਰਤਾ ਹੈ।

ਹੁਣ ਇਹ ਸਾਰੇ ਸਮਾਜ ਦਾ ਸਵਾਲ ਹੈ ਕਿ ਦੋ ਸਰੀਰਾਂ ਵਿਚ ਇਕ ਜੋਤ ਕਿਵੇਂ ਹੋ ਸਕਦੀ ਹੈ? ਇਥੇ ਸਫਲ ਗ੍ਰਹਿਸਤ ਲਈ ‘ਰਜਬ ਕਵੀ’ ਨੇ ਆਪਸੀ ਛੇ ਗੁਣਾਂ ਦਾ ਹੋਣਾ ਜ਼ਰੂਰੀ ਲਿਖਿਆ ਹੈ :

**ਆਸ਼ਾ, ਇਸ਼ਟ, ਉਪਾਸ਼ਨਾ, ਖਾਣ, ਪਾਨ, ਪਹਿਰਾਣ**
**ਖਸ਼ਟ ਲਛਣ ਜਹਿ ਰਜਬ ਮਿਲੈ, ਤਾਹਿ ਸੁਮਤਿ ਭੁਮ ਜਾਮ ॥**

ਜੇਕਰ ਇਹ ਲੱਛਣ ਲੜਕੇ/ਲੜਕੀ ਦੇ ਮਿਲਦੇ ਹੋਣ ਤਾਂ ਸ਼ਾਇਦ ਤਲਾਕ ਵਰਗੀ ਸਮੱਸਿਆ ਆਵੇ ਹੀ ਨਾ। ਪਹਿਲੀ ਗੱਲ ਕਿ ਦੋਹਾਂ ਦਾ ‘ਆਸ਼ਾ’ ਇਕ ਹੋਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਜੀਵਨ ਦੀ ਇਕਸੁਰਤਾ ਕਾਇਮ ਰਹੇਗੀ। ਕਿਸੇ ਪਰਿਵਾਰ, ਕੌਮ, ਜਥੇਬੰਦੀ, ਦਲ ਦਾ ਜੇ ਆਸ਼ਾ ਹੀ ਇਕ ਨਹੀਂ ਤਾਂ ਗੜਬੜ ਜ਼ਰੂਰ ਰਹੇਗੀ। ਇਸੇ ਤਰ੍ਹਾਂ ਇਸ਼ਟ ਤੇ ਉਪਾਸਨਾ ਜ਼ਰੂਰ ਇਕ ਹੋਵੇ। ਇਹ ਸੂਖਮ ਭਾਵ ਦੋਹਾਂ ਨੂੰ ਇਕ ਸੂਤਰ ਵਿਚ ਪਰੋਂਦੇ ਹਨ। ਤਾਂ ਇਕ ਨੁਕਤਾ ਕੋਈ ਉਠਾ ਸਕਦਾ ਹੈ ਕਿ ਜੇ ਕੋਈ ਨਾਸਤਿਕ ਹੋਵੇ? ਸਾਡੀ ਜਾਚੇ ਦੋਨੋਂ ਮੀਆਂ-ਬੀਵੀ ਨਾਸਤਿਕ ਹੋਣ ਤਾਂ ਵੀ ਚੰਗੀ ਨਿਭ ਸਕਦੀ ਹੈ। (ਉਂਝ ਗੁਰਮਤਿ ਵਿਚ ਗੁਰਮੁਖਿ ਤੇ ਮਨਮੁਖਿ ਸ਼ਬਦ ਹਨ ਅਤੇ ਗੁਰਮਤਿ ਵਿਚ ਗੁਰਮੁਖਿ ਬਣਨ ਦੀ ਪ੍ਰੇਰਨਾ ਹੈ)। ਮੈਂ ਇਥੇ ਕੁਝ ਨਾਮਵਰ ਲੋਕਾਂ ਦੇ ਪੁੱਤਾਂ/ਧੀਆਂ ਦੇ ਤਲਾਕ ਦੇ ਉਚੇਚ ਨਾਉਂ ਨਹੀਂ ਦੇ ਸਕਦਾ, ਪਰ ਉਹਨਾਂ

ਬਾਬਤ ਮੈਨੂੰ ਪਤਾ ਹੈ ਕਿ ਉਹਨਾਂ ਪਰਿਵਾਰਾਂ ਵਿਚ ਤਲਾਕ ਜਾਂ ਆਤਮ ਹੱਤਿਆ ਦਾ ਕਾਰਨ, ਉਹਨਾਂ ਪਰਿਵਾਰਾਂ ਦੀਆਂ ਧਾਰਮਿਕ ਮੰਨਤਾਂ ਮਨਾਉਤਾਂ ਦਾ ਵੱਖ-ਵੱਖ ਹੋਣਾ ਵੱਡਾ ਕਾਰਨ ਸੀ। ਇਸੇ ਤਰ੍ਹਾਂ ਖਾਣਾ, ਪੀਣਾ ਤੇ ਪਹਿਨਣਾ ਕਈ ਪਰਿਵਾਰਾਂ ਵਿਚ ਝਗੜੇ ਦਾ ਕਾਰਨ ਬਣਦਾ ਹੈ ਅਤੇ ਇਹ ਵਧਦਾ-ਵਧਦਾ ਤਲਾਕ ਤੱਕ ਪਹੁੰਚ ਜਾਂਦਾ ਹੈ। ਸਾਡੇ ਲੋਕ ਮੁਹਾਵਰੇ ਹਨ :-

**ਖਾਈਏ ਮਨ ਭਾਉਂਦਾ, ਪਹਿਨੀਏਂ ਜੱਗ ਭਾਉਂਦਾ।**

ਜੇਕਰ ਪੰਜਾਬ ਦੀ ਸਥਿਤੀ ਵੱਲ ਪੰਛੀ ਝਾਤ ਮਾਰੀਏ ਤਾਂ ਖਾਣਾ ਪੀਣਾ ਸਿਰਫ਼ ਰੋਟੀ-ਪਾਣੀ ਨਹੀਂ ਰਹਿ ਗਿਆ। ਹੁਣ ਤਾਂ ਇਸ ਦੇ ਅਰਥ ਬਦਲਦੇ ਜਾ ਰਹੇ ਹਨ। ਨੌਜਵਾਨ ਵਰਗ ਨਸ਼ਿਆਂ ਦੀ ਭੈੜੀ ਵਾਦੀ ਦਾ ਸ਼ਿਕਾਰ ਹੋਇਆ ਜੋ ਕੁਝ ਖਾ-ਪੀ ਰਿਹਾ ਹੈ, ਉਹ ਸੁਝਵਾਨ ਇਸਤਰੀ ਲਈ ਅਸਹਿਣਯੋਗ ਹੈ। ਇਹੋ ਜਿਹੀ ਸਥਿਤੀ ਵਿਚ ਲੜਾਈ ਝਗੜਾ ਜਾਂ ਤਲਾਕ ਆਮ ਵਰਤਾਰਾ ਬਣਦਾ ਜਾ ਰਿਹਾ ਹੈ, ਜਿਸ ਤੋਂ ਨੌਜਵਾਨਾਂ ਨੂੰ ਬਚਣ ਦੀ ਜ਼ਰੂਰਤ ਹੈ। ਦੂਜਾ ਪੱਖ ਕਿ ਤਲਾਕ ਸਿਰਫ਼ ਲੜਕੇ ਦੇ ਔਗੁਣਾਂ ਕਰਕੇ ਹੀ ਨਹੀਂ ਹੁੰਦੇ, ਕਈ ਵਾਰ ਲੜਕੀ ਜਾਂ ਲੜਕੇ ਦਾ ਪਰਿਵਾਰ ਵੀ ਦੋਸ਼ੀ ਹੁੰਦਾ ਹੈ। ਇਸਤਰੀ ਲਈ ਪਤੀਵਰਤਾ ਹੋਣਾ ਜ਼ਰੂਰੀ ਹੈ। ਲੜਕੀ ਦੇ ਪਰਿਵਾਰ ਵੱਲੋਂ ਬੇਲੋੜੀ ਦਖਲ ਅੰਦਾਜ਼ੀ ਜਾਂ ਲੜਕੀ ਦਾ ਘਰੇਲੂ ਕੰਮ ਕਾਜ ਲਈ ਯੋਗ ਨਾ ਹੋਣਾ, ਜਾਂ ਉਸ ਨੂੰ ਯੋਗ ਨਾ ਬਣਾਉਣਾ ਵੀ ਕਾਰਨ ਬਣ ਜਾਂਦੇ ਹਨ। ਬੇਲੋੜਾ ਫੈਸ਼ਨ, ਬੇਲੋੜਾ ਵਾਦ-ਵਿਵਾਦ ਗ੍ਰਹਿਸਤੀ ਜੀਵਨ ਨੂੰ ਤਬਾਹ ਕਰ ਦਿੰਦੇ ਹਨ।

ਤੀਜਾ ਪੱਖ ਇਹ ਵੀ ਹੈ ਕਿ ਗ੍ਰਹਿਸਤੀ ਜੀਵਨ ਦਰਅਸਲ ਆਪਸੀ ਸਹਿਯੋਗ ਹੈ। ਵਿਆਹ ਤੋਂ ਪਹਿਲਾਂ ਹਰੇਕ ਦੀਆਂ ਆਦਤਾਂ, ਸੋਚ, ਜੀਵਨ ਢੰਗ ਅਲਹਿਦਾ ਕਿਸਮ ਦਾ ਹੁੰਦਾ ਹੈ, ਪਰ ਹੁਣ ਰਲ ਕੇ ਚੱਲਣਾ ਹੀ ਸਿਆਣਪ ਹੁੰਦੀ ਹੈ। ਇਸੇ ਲਈ ਸਿਆਣੇ ਲੋਕ ਇਸ ਨੂੰ ਇਕ ਵੱਡੀ ਗੱਡੀ ਦੇ ਦੋ ਪਹੀਏ ਕਹਿੰਦੇ ਹਨ। ਦੋ ਪਹੀਆਂ ਨੂੰ ਸਫਰ ਕਰਨ ਵਾਸੇਤ ਨਿਊਣਾਂ ਵੀ ਪੈਂਦਾ ਤੇ ਬਰਾਬਰ ਨਿਭਣਾ ਵੀ ਪੈਂਦਾ ਹੈ। ਜਿਥੇ ਵੀ ਹੈਂਕੜ ਜਾਂ ਚਤੁਰਾਈ ਨਾਲ ਸਮਤੋਲ ਵਿਗੜਦਾ ਹੈ ਉਥੇ ਤਲਾਕ ਦੀ ਨੌਬਤ ਆਵੇਗੀ। ਇਹ ਆਪਸੀ ਸਹਿਮਤੀ ਕਰਨੀ ਦੋਹਾਂ ਲਈ ਅਤਿ ਜ਼ਰੂਰੀ ਹੈ।

ਚੌਥਾ ਪੱਖ ਕਿ ਕਾਮ ਦੇ ਵਿਸ਼ੇ ਸੰਬੰਧੀ ਨੌਜਵਾਨਾਂ ਦਾ ਗਿਆਨ ਬਹੁਤ ਅਧੂਰਾ ਹੈ। ਕਾਮ ਇਕ ਸ਼ਕਤੀ ਹੈ, ਜਿਸ ਨੂੰ ਜਤ-ਸਤ ਦੀ ਸੂਝ ਨਾਲ ਸਾਂਭਿਆ ਜਾ ਸਕਦਾ ਹੈ। ਸਕੂਲ, ਕਾਲਜ, ਯੂਨੀਵਰਸਿਟੀ ਤੱਕ ਵੀ ਇਹ ਕੋਈ ਵਿਸ਼ਾ ਹੀ ਨਹੀਂ ਹੈ ਤੇ ਫਿਰ ਆਮ ਲੋਕਾਈ ਦਾ ਕੀ ਹਾਲ ਹੋਵੇਗਾ? ਦੇਸੀ ਹਕੀਮਾਂ ਨੇ ਪੰਜਾਬ ਦੀਆਂ ਕੰਧਾਂ ਕਾਲੀਆਂ ਕੀਤੀਆਂ ਹੋਈਆਂ ਹਨ ਕਿ ਕਮਜ਼ੋਰੀ ਦਾ ਇਲਾਜ ਕਰਵਾਓ। ਇਹ ਗ੍ਰਹਿਸਤੀ ਜੀਵਨ ਲਈ ਇਕ ਵੰਗਾਰ ਹੈ। ਸ਼ਰਮੋ-ਕੁਸ਼ਰਮੀ ਕੋਈ ਕਿਸੇ ਨਾਲ ਗੱਲ ਨਹੀਂ ਕਰਦਾ। ਮਾਨਸਿਕ ਰੋਗ, ਭੂਤ-ਪ੍ਰੇਤ ਦਾ ਭੈਅ, ਛਾਇਆ, ਧਾਗੇ ਤਵੀਤ ਪਾਉਣੇ ਵੱਡੇ ਪੱਧਰ ਤੇ ਵਿਆਹੇ ਜਾਂ ਅਣਵਿਆਹੇ ਲੋਕਾਂ 'ਚ ਅਸੰਤੁਸ਼ਟੀ ਦੇ ਕਾਰਨ ਹਨ। ਜਿਸ ਦੀ ਮਾਨਸਿਕ ਤ੍ਰਿਪਤੀ ਨਹੀਂ ਹੋਈ ਉਹ ਬਿਖੜੇ ਰਾਹਾਂ 'ਤੇ ਭਟਕਦਾ-ਭਟਕਦਾ ਵੈਰਾਨ ਹੋ ਜਾਂਦਾ ਹੈ। ਇਸ ਸੰਬੰਧੀ ਵੱਡੀ ਜਾਗ੍ਰਤੀ ਦੀ ਲੋੜ ਹੈ।

ਪੰਜਵਾਂ ਪੱਖ ਬਹੁਤ ਥਾਈਂ ਦਾਜ-ਦਹੇਜ ਵੀ ਕਾਰਨ ਬਣਦਾ ਹੈ। ਨਵ-ਵਿਆਹੀ ਲੜਕੀ ਨੂੰ ਸੱਸਾਂ, ਨਣਾਨਾਂ, ਦਰਾਣੀਆਂ, ਜੇਠਾਣੀਆਂ ਦੇ ਤਾਹਨੇ ਮੇਹਣੇ ਤੇ ਲੋਕਾਂ ਦੀ ਨੋਕ-ਝੋਕ ਵਾਲੀ ਬਿਰਤੀ ਪਰਿਵਾਰਕ ਦਰਾੜਾਂ ਤੇ ਤਲਾਕ ਦਾ ਕਾਰਨ ਬਣਦੀ ਹੈ। ਕਦੀ ਉਹ ਵੀ ਸਮਾਂ ਸੀ ਜਦ ਸਾਡਾ ਸਮਾਜ ਧੀ ਦੇ ਦਾਨ ਨੂੰ ਸਭ ਤੋਂ ਵੱਡਾ ਦਾਨ ਕਹਿੰਦਾ ਸੀ, ਪਰ ਅੱਜ ਦੇਖੋ ਕਿ ਭਾਵੇਂ ਸਾਰੇ ਤਾਂ ਇਕੋ ਜਿਹੇ ਨਹੀਂ, ਪਰ ਕੁਝ ਪ੍ਰਤੀਸ਼ਤ ਲੋਕ ਮੰਗ ਕੇ, ਤਾਹਨੇ ਮੇਹਣੇ ਦੇ ਕੇ ਦਾਜ ਲੈਂਦੇ ਹਨ। ਇਸ ਲਈ ਲਾਲਚੀ ਬਿਰਤੀ ਤਲਾਕ ਦਾ ਕਾਰਨ ਬਣ ਜਾਂਦੀ ਹੈ। ਇਹ ਸਭਨਾਂ ਦੇ ਆਪਣੇ ਹੱਥ ਹੈ।

ਛੇਵਾਂ ਪੱਖ ਆਰਥਿਕਤਾ ਵੀ ਇਸ ਦਾ ਕਾਰਨ ਬਣ ਰਹੀ ਹੈ। ਪਦਾਰਥਵਾਦੀ ਯੁਗ ਵਿਚ ਜੀਵਨ ਦੀਆਂ ਸੁੱਖ-ਸਹੂਲਤਾਂ ਮਾਨਣਾ ਹਰੇਕ ਦੀ ਭਾਵਨਾ ਹੈ। ਭਾਵੇਂ ਸਾਡੇ ਸਮਾਜ ਵਿਚ ਲੜਕੀਆਂ ਵੀ ਵੱਡੇ ਪੱਧਰ 'ਤੇ ਨੌਕਰੀ ਪੇਸ਼ੇ ਵਾਲੀਆਂ ਹਨ। ਆਤਮ-ਨਿਰਭਰ ਹਨ, ਪਰ ਬਹੁਗਿਣਤੀ ਸਾਧਾਰਨ ਲੋਕਾਂ ਵਿਚ ਨਹੀਂ ਵੀ ਹੈ। ਆਰਥਿਕਤਾ ਦਾ ਧੁਰਾ ਮਰਦ ਨੂੰ ਮੰਨਿਆਂ ਜਾਂਦਾ ਹੈ। ਜਦ ਤੱਕ ਨੌਜਵਾਨ ਲੜਕਾ ਆਪਣਾ ਆਰਥਿਕ ਭਾਰ ਚੁੱਕਣ ਦੇ ਯੋਗ ਨਹੀਂ ਹੁੰਦਾ, ਤਦ ਤੱਕ ਵਿਆਹ ਦੇ ਬੰਧਨ 'ਚ ਮਾਪਿਆਂ ਨੂੰ ਨਹੀਂ ਬੰਨ੍ਹਣਾ ਚਾਹੀਦਾ। ਪੰਜਾਬ ਦੇ ਪਿੰਡਾਂ ਵਿਚ ਮਰਦ ਦਾ ਨਿਖੱਟੂ ਹੋਣਾ, ਵਿਹਲੜ ਹੋਣਾ ਕਦੇ ਵੀ ਚੰਗੇ ਗ੍ਰਹਿਸਤੀ ਜੀਵਨ ਦਾ ਆਧਾਰ ਨਹੀਂ ਬਣ ਸਕਦਾ ਹੈ।

ਅਜੋਕੇ ਭੱਠ ਨੱਠ, ਅਫਰਾ ਤਫਰੀ ਦੇ ਜੀਵਨ ਵਿਚ ਸਹਿਜ, ਸ਼ਾਂਤੀ, ਪਿਆਰ, ਨਿਮਰਤਾ, ਮਿਠਾਸ ਦਾ ਹੋਣਾ ਅਤਿ ਜ਼ਰੂਰੀ ਹੈ। ਬਾਬਾ ਫ਼ਰੀਦ ਜੀ ਨੇ ਫ਼ੁਰਮਾਇਆ ਹੈ -

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆਂ ਮੰਤੁ ॥**
**ਇਹ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥**

ਭਾਵੇਂ ਇਸ ਪ੍ਰਕਰਣ ਦਾ ਭਾਵ ਇਸਤਰੀ ਰੂਪ 'ਚ ਸੰਬੋਧਨ ਹੈ ਕਿ ਕੰਤ ਨੂੰ (ਪ੍ਰਭੂ ਨੂੰ) ਵੱਸ ਕਰਨ ਲਈ ਇਹਨਾਂ ਗੁਣਾਂ ਦਾ ਹੋਣਾ ਜ਼ਰੂਰੀ ਹੈ, ਪਰ ਦੂਜੇ ਪਾਸੇ ਪਰਿਵਾਰਕ ਪੱਧਰ 'ਤੇ ਘਰ ਦੇ ਸਭਨਾਂ ਮੈਂਬਰਾਂ ਵਿਚ ਉਪਰੋਕਤ ਗੁਣ ਹੋਣ ਤਾਂ ਲੜਾਈ ਝਗੜਾ, ਕਲੇਸ਼ ਜਾਂ ਤਲਾਕ ਵਰਗੀ ਸਮੱਸਿਆ ਆਵੇਗੀ ਹੀ ਨਹੀਂ।

ਇਸੇ ਤਰ੍ਹਾਂ ਮੀਆਂ-ਬੀਵੀ ਲਈ ਇਕ ਦੂਜੇ ਦਾ ਵਿਸ਼ਵਾਸ ਜਿੱਤਣਾ ਤੇ ਪੈਦਾ ਕਰਨਾ ਅਤਿ ਜ਼ਰੂਰੀ ਹੈ। ਸ਼ੱਕੀ ਨਗਾਹਾਂ, ਸ਼ੱਕੀ ਸੋਚਾਂ-ਬੇਇਤਬਾਰੀ ਤੇ ਬੇਇਤਫ਼ਾਕੀ ਦੀ ਜੜ੍ਹ ਹਨ।

ਤਲਾਕ ਲੈਣਾ ਜਾਂ ਦੇਣਾ ਸੱਭਿਅਕ ਸਮਾਜ ਦੇ ਮੱਥੇ 'ਤੇ ਕਲੰਕ ਤਾਂ ਹੋ ਹੀ ਨਿਬੜਦਾ ਹੈ, ਪਰ ਇਸ ਨਾਲ ਵੱਡੀ ਪੱਧਰ 'ਤੇ ਦੋਨੋਂ ਪਰਿਵਾਰ ਤਬਾਹ ਵੀ ਹੁੰਦੇ ਹਨ ਅਤੇ ਸਮਾਜ ਵਿਚ ਦੁਬਾਰਾ ਰਿਸ਼ਤਾ ਜੋੜਨਾ ਜਾਂ ਕਰਨਾ ਸੁਖਾਲਾ ਕਾਰਜ ਨਹੀਂ ਹੁੰਦਾ।

ਗ੍ਰਹਿਸਤ ਮਾਰਗ ਸਹਿਜ ਦਾ ਮਾਰਗ ਹੈ, ਪ੍ਰੇਮ ਦਾ ਮਾਰਗ, ਸਹਿਯੋਗ ਦੇਣਾ, ਸਹਿਯੋਗ ਲੈਣਾ। ਜੋ ਸਫਲ ਹਨ ਉਹਨਾਂ ਨੂੰ ਮੁਬਾਰਕਵਾਦ ਹੈ। ਇਕ ਚੰਗੇ ਸਮਾਜ ਦੀ ਸਿਰਜਣਾ ਵਾਸਤੇ ਇਕ ਜੀਵਨ ਮਰਯਾਦਾ ਪਾਲਣੀ ਸਭਨਾਂ ਲਈ ਜ਼ਰੂਰੀ ਹੈ। ਇਸ ਲਈ ਆਪਣੀ, ਮਾਪਿਆਂ ਦੀ, ਕਬੀਲੇ ਦੀ, ਸਮਾਜ ਦੀ ਤੇ ਧਰਮ ਦੀ ਸ਼ਾਨ ਹੈ। ਦਾਨਿਆਂ ਕਿਹਾ ਕਿ ਹੱਥ ਨੂੰ ਹੱਥ ਧੋਂਦਾ ਹੈ। ਇਹੋ ਰਾਜ਼ ਹੈ ਆਪਸੀ ਮਿਲਵਰਤਨ, ਪਿਆਰ, ਸਹਿਨਸ਼ੀਲਤਾ ਦਾ, ਜੇਕਰ ਹੋਵੇ ਤਾਂ ਗ੍ਰਹਿਸਤੀ ਜੀਵਨ ਦਾ ਸਵਰਗ ਹੈ ਅਤੇ ਜੇਕਰ ਇਸ ਦੇ ਉਲਟ ਹੋਵੇ ਤਾਂ ਨਰਕ ਹੈ।

# ਬਾਬਾ ਦਲੀਪ ਸਿੰਘ ਯਾਦਗਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਲੁਬਾਣਾ (ਕਪੂਰਥਲਾ) ਦੀ ਸਥਾਪਨਾ ਅਤੇ ਪ੍ਰਾਪਤੀਆਂ ਦਾ ਵੇਰਵਾ

ਬਾਬਾ ਦਲੀਪ ਸਿੰਘ ਗੁਰਦੁਆਰਾ ਪ੍ਰਬੰਧਕੀ ਕਮੇਟੀ ਦਾ ਦਾਸ 15 ਸਾਲ ਪ੍ਰਧਾਨ ਰਿਹਾ। ਇਸਤੋਂ ਪਹਿਲਾਂ ਵੀ ਦਾਸ ਨੇ ਪੰਜ ਸਾਲ ਪ੍ਰਬੰਧਕੀ ਕਮੇਟੀ ਦਾ ਮੁੱਖ ਸਲਾਹਕਾਰ ਹੋਣ ਦੇ ਨਾਤੇ ਸਾਰੀ ਜ਼ਿੰਮੇਵਾਰੀ ਨਿਭਾਈ। ਇਸ ਸਮੇਂ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਿੰਡ ਦੀ ਡਵੈਲਪਮੈਂਟ ਵਿਚ ਸਮੇਂ-ਸਮੇਂ ਸਿਰ ਮਾਇਕ ਸਹਾਇਤਾ ਦਿੱਤੀ। ਮੇਰੀ ਪ੍ਰਧਾਨਗੀ ਸਮੇਂ ਕਮੇਟੀ ਨੇ ਸੰਨ 2001 ਵਿਚ ਇਹ ਫੈਸਲਾ ਕੀਤਾ ਕਿ ਬਾਬਾ ਦਲੀਪ ਸਿੰਘ ਜੀ ਦੀ ਯਾਦ ਵਿਚ ਇੱਕ ਪਬਲਿਕ ਸਕੂਲ ਦੀ ਉਸਾਰੀ ਵੀ ਕਰਨੀ ਚਾਹੀਦੀ ਹੈ। ਗੁਰਦੁਆਰਾ ਸਾਹਿਬ ਦੇ ਨਾਲ ਲਗਦੀ ਜਗ੍ਹਾ ਵਿਚ ਸ਼ਮਸ਼ਾਨ ਘਾਟ ਸੀ ਕਮੇਟੀ ਨੇ ਉਸ ਸਮੇਂ ਦੇ ਸਰਪੰਚ ਨੂੰ ਮਿਲ ਕੇ ਇਸ ਸ਼ਮਸ਼ਾਨ ਘਾਟ ਨੂੰ ਪੰਚਾਇਤ ਦੀ ਸ਼ਾਮਲਾਟ ਜ਼ਮੀਨ ਵਿਚ ਪਿੰਡ ਤੋਂ ਦੂਰ ਸਥਾਪਿਤ ਕਰ ਦਿੱਤਾ। ਜਿਸ ਉੱਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰੀ ਖ਼ਰਚ ਕੀਤਾ। ਇਸ ਪਿੱਛੋਂ ਸ਼ਮਸ਼ਾਨ ਘਾਟ ਵਾਲੀ ਜ਼ਮੀਨ ਤੇ ਸਕੂਲ ਦੀ ਉਸਾਰੀ ਸ਼ੁਰੂ ਕੀਤੀ ਗਈ। ਇਸ ਕੰਮ ਲਈ ਮਾਇਆ ਇਕੱਠੀ ਕਰਨ ਵਿਚ ਪ੍ਰਬੰਧਕ ਕਮੇਟੀ, ਪਿੰਡ ਅਤੇ ਇਲਾਕੇ ਦੇ ਲੋਕਾਂ ਅਤੇ ਪਿੰਡ ਦੇ ਐਨ.ਆਰ.ਆਈ. ਨੌਜਵਾਨਾਂ ਨੇ ਸਕੂਲ ਦੀ ਇਮਾਰਤ ਬਣਾਉਣ ਲਈ ਕਾਫੀ ਯੋਗਦਾਨ ਪਾਇਆ।

ਸੰਨ 2003 ਦੇ ਸ਼ੁਰੂ ਵਿਚ ਸਕੂਲ ਦੀ ਸ਼ਾਨਦਾਰ ਬਿਲਡਿੰਗ ਦੇ ਤਿਆਰ ਹੋਣ ਕਰਕੇ ਸਕੂਲ ਵਿਚ ਬੱਚਿਆਂ ਦਾ ਦਾਖ਼ਿਲਾ ਸ਼ੁਰੂ ਕਰ ਦਿੱਤਾ ਗਿਆ। ਪਹਿਲੇ ਸਾਲ ਹੀ ਬੱਚਿਆਂ ਦੀ ਗਿਣਤੀ 400 ਤੱਕ ਪੁੱਜ ਗਈ। ਸੰਨ 2006 ਦੇ ਵਿਚ ਮੇਰੀ ਪ੍ਰਧਾਨਗੀ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫੈਸਲਾ ਕੀਤਾ ਕਿ ਸਕੂਲ ਚਲਾਉਣ ਲਈ ਇੱਕ ਵੱਖਰੀ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ। ਇਸ ਫੈਸਲੇ ਅਨੁਸਾਰ ਦਾਸ ਨੂੰ ਸਕੂਲ ਪ੍ਰਬੰਧਕ ਕਮੇਟੀ ਦਾ ਵੀ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ। ਸੰਨ 2006 ਵਿਚ ਬਾਬਾ ਦਲੀਪ ਸਿੰਘ ਯਾਦਗਾਰੀ ਸਕੂਲ ਦੀ ਪ੍ਰਬੰਧਕੀ ਕਮੇਟੀ ਨੂੰ ਬਾਬਾ ਦਲੀਪ ਸਿੰਘ ਜੀ ਐਜੂਕੇਸ਼ਨਲ ਸੋਸਾਇਟੀ ਦੇ ਨਾਮ ਹੇਠ ਰਜਿਸਟਰਡ ਕਰਵਾ ਦਿੱਤਾ ਗਿਆ। ਸਕੂਲ ਦੇ ਵਿਚ ਵਿਦਿਆਰਥੀਆਂ ਦੀ ਸੁਵਿਧਾ ਲਈ ਕੰਪਿਊਟਰ ਲੈਬ, ਸਾਇੰਸ ਲੈਬ, ਅਤੇ ਲਾਇਬ੍ਰੇਰੀ ਵੀ ਸਥਾਪਿਤ ਕੀਤੀ ਗਈ। ਇਸਦੇ ਨਾਲ ਹੀ ਵਿਦਿਆਰਥੀਆਂ ਦੀ ਸਹੂਲਤ ਲਈ 500 ਫੁੱਟ ਡੂੰਘਾ ਪਾਣੀ ਦਾ ਬੋਰ, ਇੱਕ ਵੱਡਾ ਜਨਰੇਟਰ, ਇੱਕ ਵੱਡੀ ਬੱਸ ਅਤੇ ਦੋ ਵੱਡੇ ਵਾਟਰ ਕੂਲਰ ਵੀ ਲਗਾਏ ਗਏ। ਇਹਨਾਂ ਸਾਰੇ ਕਾਰਜਾਂ ਦੀ ਪੂਰਤੀ ਲਈ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰਾਂ ਦਾ ਵੱਡਾ ਯੋਗਦਾਨ ਹੈ।

ਬਾਬਾ ਦਲੀਪ ਸਿੰਘ ਜੀ ਯਾਦਗਾਰੀ ਸਕੂਲ ਦੀ ਜਦੋਂ ਤੋਂ ਸਥਾਪਨਾ ਕੀਤੀ ਗਈ ਹੈ ਉਸ ਸਮੇਂ ਤੋਂ ਲੈ ਕਿ ਅੱਜ ਤੱਕ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਇਮਤਿਹਾਨਾਂ ਵਿਚੋਂ ਕਿਸੇ ਕਲਾਸ ਦਾ ਕੋਈ ਵੀ ਬੱਚਾ ਫੇਲ੍ਹ ਨਹੀਂ ਹੋਇਆ ਅਤੇ ਕੁਝ ਵਿਦਿਆਰਥੀ ਬਹੁਤ ਚੰਗਿਆਂ ਨੰਬਰਾਂ ਨਾਲ ਇਮਤਿਹਾਨ ਪਾਸ ਕਰਦੇ ਰਹੇ ਹਨ। ਇਸ ਸਾਲ ਸਕੂਲ ਵਿਚੋਂ 10ਵੀਂ ਜਮਾਤ ਦੇ10 ਵਿਦਿਆਰਥੀਆਂ ਨੇ ਫਸਟ ਡਵੀਜ਼ਨ ਹਾਸਿਲ ਕੀਤੀ ਹੈ ਅਤੇ 12ਵੀਂ ਜਮਾਤ ਦੇ ਕੁਝ ਵਿਦਿਆਰਥੀਆਂ ਨੇ ਬਹੁਤ ਚੰਗੇ ਨੰਬਰ ਲਏ ਹਨ ਜਿਸਦਾ ਵੇਰਵਾ ਹੇਠ ਅਨੁਸਾਰ ਹੈ:-

**ਜਮਾਤ ਦਸਵੀਂ ਬੋਰਡ ਰਿਜ਼ਲਟ ਮਾਰਚ-2019**

| **ਲੜੀ ਨੰ.** | **ਵਿਦਿਆਰਥੀ ਦਾ ਨਾਮ ਅਤੇ ਪਿਤਾ ਦਾ ਨਾਮ** | **ਅੰਕ/ਪ੍ਰਤੀਸ਼ਤ** |
|---|---|---|
| 1. | ਸੁਖਵਿੰਦਰ ਕੌਰ, ਪੁੱਤਰੀ ਸ. ਕੁਲਦੀਪ ਸਿੰਘ | 86% |
| 2. | ਦਿਵਿਆ ਜੋਤੀ, ਪੁੱਤਰੀ ਸ਼੍ਰੀ ਰਮਨ ਕੁਮਾਰ | 85.69% |
| 3. | ਨਵਦੀਪ ਕੌਰ, ਪੁੱਤਰੀ ਸ. ਬਲਜੀਤ ਸਿੰਘ | 83.38% |

ਵਿਦਿਆਰਥੀਆਂ ਦੀਆਂ ਫੋਟੋਆਂ ਅਤੇ ਅੰਕਾਂ/ਪ੍ਰਤੀਸ਼ਤ



**ਸੁਖਵਿੰਦਰ ਕੌਰ**



**ਦਿਵਿਆ ਜੋਤੀ**

**ਨਵਦੀਪ ਕੌਰ**

**ਜਮਾਤ ਬਾਰ੍ਹਵੀਂ ਬੋਰਡ ਰਿਜ਼ਲਟ ਮਾਰਚ-2019**

| ਲੜੀ ਨੰ. | ਵਿਦਿਆਰਥੀ ਦਾ ਨਾਮ ਅਤੇ ਪਿਤਾ ਦਾ ਨਾਮ | ਅੰਕ/ਪ੍ਰਤੀਸ਼ਤ |
|---|---|---|
| 1. | ਮਨਪ੍ਰੀਤ ਕੌਰ, ਪੁੱਤਰੀ ਸ. ਪਰਮਜੀਤ ਸਿੰਘ | 80.44% |
| 2. | ਸੰਦੀਪ ਕੌਰ, ਪੁੱਤਰੀ ਸ. ਉਂਕਾਰ ਸਿੰਘ | 78.22% |
| 3. | ਬਲਜੀਤ ਕੌਰ, ਪੁੱਤਰੀ ਸ. ਗੁਰਚਰਨ ਸਿੰਘ | 77.77% |

ਵਿਦਿਆਰਥੀਆਂ ਦੀਆਂ ਫੋਟੋਆਂ ਅਤੇ ਅੰਕਾਂ/ਪ੍ਰਤੀਸ਼ਤ



**ਮਨਪ੍ਰੀਤ ਕੌਰ**




**ਸੰਦੀਪ ਕੌਰ**



**ਬਲਜੀਤ ਕੌਰ**

ਇਸ ਸਬੰਧ ਵਿਚ ਮੈਂ ਇਹ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਸਕੂਲ ਵਿਚ ਵਿਦਿਆਰਥੀਆਂ ਦੀ ਵਧੀਆ ਪੜ੍ਹਾਈ ਅਤੇ ਪ੍ਰਾਪਤੀਆਂ ਲਈ ਸਕੂਲ ਪ੍ਰਿੰਸੀਪਲ ਬਲਬੀਰ ਸਿੰਘ ਅਤੇ ਟਿਚਿੰਗ ਸਟਾਫ ਜੋ ਕਿ ਸਾਰੇ ਬੀ.ਏ, ਬੀ.ਐਡ ਹਨ ਜ਼ਿੰਮੇਵਾਰ ਹਨ ਜੋ ਬੜੀ ਮਿਹਨਤ ਅਤੇ ਲਗਨ ਨਾਲ ਬੱਚਿਆਂ ਨੂੰ ਪੜ੍ਹਾਉਂਦੇ ਹਨ। ਇਸਦੇ ਨਾਲ ਹੀ ਸਕੂਲ ਵਿਚ ਅਨੁਸਾਸ਼ਨ, ਸਕੂਲ ਦੀ ਵਧੀਆ ਬਿਲਡਿੰਗ ਅਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਦੇਖਦੇ ਹੋਏ ਮੈਂ ਇਹ ਕਹਿ ਸਕਦਾ ਹਾਂ ਕਿ ਬਾਬਾ ਦਲੀਪ ਸਿੰਘ ਜੀ ਯਾਦਗਾਰੀ ਸਕੂਲ ਜ਼ਿਲ੍ਹੇ ਦੇ ਕੁੱਝ ਚੋਣਵੇਂ ਸਕੂਲਾਂ ਵਿਚੋਂ ਆਉਂਦਾ ਹੈ।



**ਮੇਜਰ ਨਰਿੰਦਰ ਸਿੰਘ ਜੱਲੋ**
**ਪ੍ਰਧਾਨ ਬਾਬਾ ਦਲੀਪ ਸਿੰਘ ਜੀ**
**ਐਜੂਕੇਸ਼ਨਲ ਸੋਸਾਇਟੀ (ਰਜਿ.) ਅਤੇ**
**ਪ੍ਰਬੰਧਕੀ ਕਮੇਟੀ ਨੰਗਲ ਲੁਬਾਣਾ**
**( ਕਪੂਰਥਲਾ)।**



**ਗੁਰੂ ਗੋਬਿੰਦ ਸਿੰਘ ਇੰਟਰਨੈਸ਼ਨਲ ਸਪੋਰਟਸ ਐਂਡ ਕਲਚਰਲ ਕਲੱਬ (ਰਜਿ.) ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਦੀ ਪਿਛਲੇ ਦਿਨੀਂ ਸੰਤ ਪ੍ਰੇਮ ਸਿੰਘ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਬੇਗੋਵਾਲ ਵਿਖੇ ਚੋਣ ਹੋਈ ਜਿਸ ਵਿਚ ਸਰਬਸੰਮਤੀ ਨਾਲ ਸ. ਜੋਗਿੰਦਰ ਸਿੰਘ ਅਜੈਬ ਨੂੰ ਅਗਲੇ ਟੂਰਨਾਮੈਂਟ ਵਾਸਤੇ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਕਲੱਬ ਦੇ ਚੇਅਰਮੈਨ ਸ. ਜਸਵੰਤ ਸਿੰਘ ਜੀ ਫਰਾਂਸ ਅਤੇ ਕਲੱਬ ਦੇ ਸਾਰੇ ਹੀ ਹਾਜ਼ਰ ਮੈਂਬਰਾਂ ਨੇ ਜੋਗਿੰਦਰ ਸਿੰਘ ਅਜੈਬ ਨੂੰ ਜਿੱਥੇ ਵਧਾਈ ਦਿੱਤੀ ਉਥੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਜੋਗਿੰਦਰ ਸਿੰਘ ਅਜੈਬ ਜੀ 'ਲੁਬਾਣਾ ਸੇਵਕ' ਮੈਗਜ਼ੀਨ ਦੇ ਕੋ-ਐਡੀਟਰ ਹਨ ਅਤੇ ਲੰਬੇ ਸਮੇਂ ਤੋਂ ਵੱਖ-ਵੱਖ ਧਾਰਮਿਕ, ਸਮਾਜਿਕ ਜਥੇਬੰਦੀਆਂ ਨਾਲ ਜੁੜੇ ਹੋਏ ਹਨ।**

**ਪਰਮਿੰਦਰਜੀਤ ਸਿੰਘ (ਐਡੀਟਰ)**

# ਸ਼ੋਕ ਸਮਾਚਾਰ



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਇੰਡੀਅਨ ਰੇਲਵੇ ਦੇ ਡੀਜ਼ਲ ਕੰਪੋਨੈਂਟ ਵਰਕਸ ਪਟਿਆਲਾ ਤੋਂ ਸੀਨੀਅਰ ਸੈਕਸ਼ਨ ਇੰਜੀਨੀਅਰ ਵਜੋਂ ਸੇਵਾ ਮੁਕਤ ਹੋਏ ਇੰਜ. ਜਗਤਾਰ ਸਿੰਘ ਆਪਣੀ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਮਿਤੀ 13 ਮਾਰਚ 2019 ਨੂੰ ਡੀ.ਐਮ.ਸੀ. ਹਸਪਤਾਲ ਲੁਧਿਆਣਾ ਵਿਖੇ ਅਕਾਲ ਚਲਾਣਾ ਕਰ ਗਏ ਸਨ। ਆਪ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੇ ਆਨਰੇਰੀ ਪੈਟਰਨ, ਉੱਘੇ ਸਿੱਖਿਆ ਸ਼ਾਸ਼ਤਰੀ ਪ੍ਰਿੰਸੀਪਲ ਵਰਿਆਮ ਸਿੰਘ ਕਪੂਰਥਲਾ ਅਤੇ ਸਵ. ਮਾਤਾ ਸੁਰਜੀਤ ਕੌਰ ਦੇ ਵੱਡੇ ਬੇਟੇ ਸਨ ਅਤੇ ਆਪ ਦਾ ਜਨਮ ਮਿਤੀ 11 ਨਵੰਬਰ, 1950 ਨੂੰ ਹੋਇਆ ਸੀ। ਉਹ ਸਾਹ ਰੋਗ ਤੋਂ ਪੀੜ੍ਹਤ ਪਿਛਲੇ ਚਾਰ ਮਹੀਨੇ ਤੋਂ ਪੀ.ਜੀ.ਆਈ. ਚੰਡੀਗੜ੍ਹ ਤੋਂ ਜ਼ੇਰੇ ਇਲਾਜ ਸਨ। ਵੱਧਦੀ ਸਰੀਰਕ ਕਮਜ਼ੋਰੀ ਕਰਕੇ ਉਹ ਜੀਵਨ ਦੇ ਆਖਰੀ 15 ਦਿਨ ਡੀ.ਐਮ.ਸੀ. ਹਸਪਤਾਲ ਦੇ ਆਈ.ਸੀ.ਯੂ. ਵਿਚ ਵੀ ਦਾਖਲ ਰਹੇ।

ਆਪ ਇਕ ਨੇਕ ਦਿਲ, ਸੱਚੇ ਕਰਮਯੋਗੀ ਅਤੇ ਧਾਰਮਿਕ ਸ਼ਖ਼ਸੀਅਤ ਦੇ ਮਾਲਕ ਸਨ। ਛੋਟੀ ਉਮਰ ਵਿਚ ਹੀ ਸ਼ਬਦ ਗੁਰੂ ਨਾਲ ਜੁੜ ਗਏ ਅਤੇ ਪੰਜਾਂ ਬਾਣੀਆਂ ਦੇ ਨਿਤ ਨੇਮੀ ਸਨ। ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ ਤੋਂ 1970 ਵਿਚ ਪ੍ਰੋਡਕਸ਼ਨ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਉਹ ਕਈ ਸਾਲ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਚੰਡੀਗੜ੍ਹ ਵਿਚ ਜ਼ਿਲ੍ਹਾ ਮੈਨੇਜਰ ਵਜੋਂ ਤਾਇਨਾਤ ਰਹੇ। ਇਸ ਦੌਰਾਨ ਚਾਰ ਸਾਲ ਇਰਾਕ (ਬਸਰਾ) ਵਿਖੇ ਪ੍ਰਾਜੈਕਟ ਇੰਜੀਨੀਅਰ ਲੱਗੇ ਰਹੇ। ਭਾਰਤ ਵਾਪਸੀ ਤੇ ਕੁਝ ਸਾਲਾਂ ਲਈ ਥਰਮਲ ਪਲਾਂਟ ਰੋਪੜ ਅਤੇ ਕਾਜ਼ੀਗੁੰਡ ਵਿਖੇ, ਬਤੌਰ ਐਸ.ਡੀ.ਓ. ਸੇਵਾ ਨਿਭਾਈ। ਸਾਲ 1989 ਤੋਂ ਪਟਿਆਲਾ ਵਿਖੇ ਇੰਡੀਅਨ ਰੇਲਵੇ ਦੀ ਸਰਵਿਸ ਕਰਦੇ ਰਹੇ ਅਤੇ 2010 ਵਿਚ ਉਥੋਂ ਹੀ ਸੇਵਾ ਮੁਕਤ ਹੋਏ।

ਸ. ਜਗਤਾਰ ਸਿੰਘ ਦੀ ਧਰਮ ਪਤਨੀ ਸਤਬੀਰ ਕੌਰ ਮਾਡਲ ਟਾਊਨ ਕਪੂਰਥਲਾ ਵਾਸੀ ਸਵ. ਸ. ਕਰਨੈਲ ਸਿੰਘ ਐਸ.ਪੀ. ਦੀ ਬੇਟੀ ਹੈ ਅਤੇ ਕੁਝ ਸਮਾਂ ਪਹਿਲਾਂ ਪਟਿਆਲਾ ਦੇ ਆਰਬਿੰਦੋ ਇੰਟਰਨੈਸ਼ਨਲ ਸਕੂਲ ਤੋਂ ਇਕ ਲੈਕਚਰਾਰ ਵਜੋਂ ਸੇਵਾ ਮੁਕਤ ਹੋਏ ਹਨ। ਪਰਿਵਾਰ ਵਿਚ ਵੱਡਾ ਬੇਟਾ ਹੋਣ ਕਰਕੇ ਛੋਟੇ ਭੈਣ ਭਰਾਵਾਂ ਪ੍ਰਤੀ ਸਾਰੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ। ਦੋਵਾਂ ਜੀਆਂ ਨੇ ਮਿਲ ਕੇ ਬੜੇ ਸੁਚੱਜੇ ਢੰਗ ਨਾਲ ਆਪਣੇ ਬੱਚਿਆਂ ਦਾ ਪਾਲਣ ਪੋਸ਼ਨ ਕੀਤਾ। ਉਨ੍ਹਾਂ ਦੇ ਤਿੰਨੋਂ ਬੱਚੇ ਦੋ ਬੇਟੀਆਂ ਅਤੇ ਇਕ ਬੇਟਾ ਇੰਜੀਨੀਅਰ ਹਨ। ਵੱਡੀ ਬੇਟੀ ਨਵਨੀਤ ਲੁਬਾਣਾ ਆਰਮੀ ਦੀ ਇਕ ਇੰਜੀਨੀਅਰ ਰੈਜਮੈਂਟ ਵਿਚ ਲੈਫ. ਕਰਨਲ ਹੈ। ਦੂਜੀ ਬੇਟੀ ਪੁਨੀਤ ਲੁਬਾਣਾ ਅਮਰੀਕਾ ਵਿਚ ਐਮ.ਐਸ. ਕਰਕੇ ਇਕ ਏਨਰਜੀ ਸਪਲਾਈ ਕੰਪਨੀ ਵਿਚ ਇੰਜੀਨੀਅਰ ਹੈ। ਬੇਟਾ ਇੰਜ. ਜਗਮੀਤ ਸਿੰਘ ਆਪਣੀ ਧਰਮ ਪਤਨੀ ਸ਼ਿਵਾਨੀ ਲੁਬਾਣਾ ਨਾਲ ਮੁਹਾਲੀ ਦੀ ਇਕ ਆਈ.ਟੀ. ਕੰਪਨੀ ਵਿਚ ਸਰਵਿਸ ਕਰ ਰਹੇ ਹਨ।

ਸ. ਜਗਤਾਰ ਸਿੰਘ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਦੇ ਭੋਗ ਉਨ੍ਹਾਂ ਦੇ ਕਪੂਰਥਲਾ ਗ੍ਰਹਿ ਵਿਖੇ ਮਿਤੀ 24 ਮਾਰਚ, 2019 ਨੂੰ ਪਾਏ ਗਏ ਅਤੇ ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਦੇਵੀ ਤਾਲਾਬ ਵਿਖੇ ਕੀਤੀ ਗਈ। ਵਿਛੜੀ ਆਤਮਾ ਨੂੰ ਸ਼ਰਧਾਂਜਲੀ ਦੇਣ ਲਈ ਅਤੇ ਪਰਿਵਾਰ ਦੇ ਗ਼ਮ ਵਿਚ ਸ਼ਰੀਕ ਹੋਣ ਲਈ ਸ਼ੋਕਮਈ ਸਮਾਗਮਾਂ ਵਿਚ ਸੰਗਤਾਂ ਵੱਡੀ ਗਿਣਤੀ ਵਿਚ ਸ਼ਾਮਿਲ ਹੋਈਆਂ। ਕੁਝ ਆਈਆਂ ਸ਼ਖ਼ਸੀਅਤਾਂ ਦੇ ਨਾਂ ਇਸ ਪ੍ਰਕਾਰ ਹਨ – ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ, ਰਾਣਾ ਗੁਰਜੀਤ ਸਿੰਘ ਐਮ.ਐਲ.ਏ., ਹਰਭਜਨ ਸਿੰਘ ਅਤੇ ਗੁਰਚਰਨ ਸਿੰਘ ਸਾਬਕਾ ਪ੍ਰਧਾਨ ਬ.ਮ.ਸ. ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਚੇਅਰਮੈਨ ਪ੍ਰੀਤਮ ਸਿੰਘ ਸਿਕਰੀ, ਕਰਨਲ ਗੁਰਮੀਤ ਸਿੰਘ ਦਿੱਲੀ, ਕਰਨਲ ਅਵਤਾਰ ਸਿੰਘ ਪਟਿਆਲਾ, ਕਰਨਲ ਬਲਦੇਵ ਸਿੰਘ, ਜਗਜੀਤ ਸਿੰਘ ਐਸ.ਐਸ.ਪੀ., ਹਰਜਿੰਦਰ ਸਿੰਘ ਐਸ.ਪੀ., ਪ੍ਰਿੰ. ਸਾਹਿਬਾਨ ਪ੍ਰੀਤਮ ਸਿੰਘ ਸਰਗੋਧੀਆ, ਅਨੂਪ ਸਿੰਘ ਮੁਲਤਾਨੀ, ਅਜੀਤ ਸਿੰਘ, ਕੁਲਦੀਪ ਸਿੰਘ ਖ਼ਾਲਸਾ, ਡਾ. ਆਸ ਸਿੰਘ ਘੁੰਮਣ, ਕੇਵਲ ਸਿੰਘ, ਰਾਜਿੰਦਰ ਸਿੰਘ ਸੰਡਲਸ, ਸੰਪੂਰਨ ਸਿੰਘ, ਦਲਵਿੰਦਰਜੀਤ ਸਿੰਘ ਪੀ.ਸੀ.ਐਸ., ਅਜੀਤਪੀਲ ਸਿੰਘ ਪੀ.ਸੀ.ਐਸ., ਬਲਕਾਰ ਸਿੰਘ ਪ੍ਰਧਾਨ, ਸਰੂਪ ਸਿੰਘ ਏ.ਆਰ., ਗੁਰਮੀਤ ਸਿੰਘ ਨਡਾਲਾ, ਐਮ.ਸੀ. ਮਨਮੋਹਨ ਸਿੰਘ ਵਾਲੀਆ, ਕੱਜਾ ਸਿੰਘ, ਅਵਤਾਰ ਸਿੰਘ ਅਤੇ ਹਰਬੰਸ ਸਿੰਘ ਵਾਲੀਆ।

ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਲੁਬਾਣਾ ਵੈਲਫੇਅਰ ਟਰੱਸਟ ਅਤੇ ਗੁਰਦੁਆਰਾ ਕਮੇਟੀ ਵੱਲੋਂ ਪ੍ਰਿੰਸੀਪਲ ਸਾਹਿਬ, ਬੀਬੀ ਸਤਬੀਰ ਕੌਰ ਅਤੇ ਜਗਮੀਤ ਸਿੰਘ ਨੂੰ ਸਿਰੋਪਾਓ ਪ੍ਰਦਾਨ ਕੀਤੇ ਗਏ। ਪਰਿਵਾਰ ਵੱਲੋਂ ਲੁਬਾਣਾ ਟਾਈਮਜ਼ ਨੂੰ 1100 ਰੁਪਏ ਭੇਂਟ ਕੀਤੇ ਗਏ। ਅੰਤ ਵਿਚ ਸਾਬਕਾ ਮੰਤਰੀ ਸ. ਜਗਤਾਰ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਪ੍ਰਿੰ. ਖਜ਼ਾਨ ਸਿੰਘ ਨੇ ਸਟੇਜ਼ ਸੈਕਟਰੀ ਦੀ ਸੇਵਾ ਬਾਖ਼ੂਬੀ ਨਿਭਾਈ।

**ਇੰਜ. ਮਨਜੀਤ ਸਿੰਘ**

**ਐਸ.ਈ. (ਰਿਟਾ.), ਜਲੰਧਰ**

# ਕਾਵਿ-ਕਿਆਰੀ



## ਰੱਬ

ਮਹਿਬੂਬ ਅਤੇ ਗੁਰੂ, ਰੱਬ ਵਰਗੇ ਹੁੰਦੇ ਹਨ
ਪਰ ਰੱਬ ਨਹੀਂ ਹੁੰਦੇ।
ਮਹਿਬੂਬ ਦੇ ਮੁੱਖ ਤੋਂ ਰੱਬ ਦੇ ਮੁੱਖ ਦੀ ਪਛਾਣ ਹੁੰਦੀ ਹੈ
ਅਤੇ ਗੁਰੂ ਦਾ ਗਿਆਨ ਰੱਬ ਦੇ ਉਸ
ਦਰਵਾਜ਼ੇ ਵੱਲ ਇਸ਼ਾਰਾ ਕਰਦਾ ਹੈ
ਜਿੱਥੋਂ ਵਿਸ਼ਾਲਤਾ ਦੇ ਭੇਦ ਖੁੱਲ੍ਹਦੇ ਹਨ
ਅਤੇ ਅਨੰਤ ਵੱਲ ਨੂੰ ਝਾਤੀ ਵੱਜਦੀ ਹੈ
ਮਹਿਬੂਬ ਅੱਖਾਂ ਰਾਹੀਂ ਦਿਲ 'ਤੇ ਵਾਰ ਕਰਦਾ ਹੈ
ਗੁਰੂ ਬੁੱਧੀ ਉੱਤੇ ਅਸਰ ਕਰਦਾ ਹੈ
ਅਤੇ ਮਨੁੱਖੀ ਚੇਤਨਾ ਦਾ ਕਾਇਆ ਕਲਪ ਕਰ ਦਿੰਦਾ ਹੈ।
ਗੁਰੂ ਬਿਨਾਂ ਗਿਆਨ ਸੰਭਵ ਨਹੀਂ
ਅਤੇ ਗਿਆਨ ਬਿਨਾਂ ਰੱਬ ਤੱਕ ਪਹੁੰਚ ਨਹੀਂ ਬਣਦੀ।
ਪਰ ਪਤੰਗੇ ਨੂੰ ਗੁਰੂ ਦੀ ਲੋੜ ਨਹੀਂ ਹੁੰਦੀ
ਪਤੰਗਾ ਤਾਂ ਗੁਰੂ ਦੀ ਲੋੜ ਨਹੀਂ ਹੁੰਦੀ
ਪਤੰਗਾ ਤਾਂ ਸਾਕਾਰ ਹੋਇਆ ਆਸ਼ਕ ਹੁੰਦਾ ਹੈ
ਜੋ ਆਪਣੀ ਸ਼ਮ੍ਹਾਂ ਤੋਂ ਸੜ ਮਰਨ ਦਾ ਟੀਚਾ ਮਿਥਦਾ ਹੈ।
ਆਸ਼ਕ ਨੂੰ ਕੋਈ ਲੱਖ ਸਮਝਾਏ
ਪਰ ਉਹ ਆਸ਼ਕ ਕਾਹਦਾ ਜੋ ਸੋਚਦਾ ਹੈ ਨਫ਼ੇ ਨੁਕਸਾਨ ਦੀ ਗੱਲ
ਆਸ਼ਕ ਦਾ ਕੋਈ ਗੁਰੂ ਨਹੀਂ ਹੁੰਦਾ
ਉਹ ਸਾਹਮਣੇ ਦੇਖੇ ਮਹਿਬੂਬ ਤੋਂ ਕੁਰਬਾਨ ਹੁੰਦਾ ਹੈ
ਰੱਬ, ਕੁਰਬਾਨ ਹੋ ਕੇ ਮਿਲਦਾ ਹੈ ਜਾਂ ਗਿਆਨ ਨਾਲ
ਰੱਬ ਦੀਆਂ ਰੱਬ ਜਾਣੇ... ਕਿਉਂਕਿ
ਮਹਿਬੂਬ ਅਤੇ ਗੁਰੂ, ਰੱਬ ਵਰਗੇ ਹੁੰਦੇ ਹਨ
ਪਰ ਰੱਬ ਨਹੀਂ ਹੁੰਦੇ।

*****

## ਨਜ਼ਮ/ਬੇਰੀ

ਏਨਾ ਨਿਰਮੋਹਾ/ਬਦਰੂਹਾ ਜਿਹਾ
ਕਿਉਂ ਹੋ ਗਿਐਂ ਭੈੜਿਆ
ਆਖਰ ਮੈਂ ਤੇਰੇ ਵਡੇਰਿਆਂ/ਪੁਰਖਿਆਂ
ਦੇ ਮੁਕੱਦਸ ਹੱਥੋਂ ਲਗਾਈ
ਖੁਸ਼ੀਆਂ ਖੇੜੇ ਵੰਡਦੀ
ਹਾਂ ਤੇਰੇ ਘਰ ਦੀ ਸ਼ਾਨ
ਗਲੀ ਮੁਹੱਲੇ ਦਾ ਮਾਣ
ਫ਼ਲਦਾਰ/ਛਾਂਦਾਰ ਹਰੀ ਭਰੀ ਬੇਰੀ।

ਸ਼ਾਇਦ ਮੇਰੇ ਬਦਨ ਤੇ ਉੱਗੇ ਕੰਡੇ
ਤੇਰੇ ਮਨ ਦੀ ਸ਼ਾਂਤੀ ਭੰਗ ਕਰਦੇ ਹੋਣਗੇ
ਮੇਰੇ ਬੇਰਾਂ ਦਾ ਟੁੱਕਰ ਖਾਂਦੇ ਕਾਂ/ਤੋਤੇ
ਤੇਰੇ ਰਾਹਾਂ ਦੇ ਰੋੜੇ ਬਣਦੇ ਹੋਣਗੇ
ਪਰ ਤੈਨੂੰ ਪਤੈ
ਕੰਡਿਆਲੇ ਰਾਹ-ਰਸਤੇ ਹੀ ਹਮੇਸ਼ਾ
ਮੰਜ਼ਿਲੇ-ਮੁਕਾਮ ਦਾ ਹਾਸਿਲ ਬਣਦੇ ਹਨ
ਤੇ ਬੁਲੰਦੀਆਂ ਦੇ ਸਿਰਨਾਵੇਂ ਰਚਦੇ ਹਨ।

ਤੂੰ ਵੇਖਿਆ ਹੋਵੇਗਾ
ਮੇਰੀ ਟੀਸੀ ਦੇ ਬੇਰ ਵੇਖ ਲਲਚਾਉਂਦੇ
ਤੇਰੀ ਗਲੀ 'ਚੋਂ ਗੁਜ਼ਰ ਜਾਂਦੇ ਹਨ ਕੁਝ ਲੋਕ
ਤੇ ਕੁਝ ਆ ਬੈਠਦੇ ਹਨ
ਮੇਰੀ ਠੰਢੜੀ ਮਿਠੜੀ ਛਾਵੇਂ
ਸ਼ਾਇਦ ਤੇਰੇ ਸੰਗ ਸੰਵਾਦ ਰਚਾਉਣ
ਪਰ ਤੂੰ ਕਿ ਜਿਸ ਨੂੰ ਭਾਉਂਦਾ ਨਹੀਂ
ਉਹਨਾਂ ਦਾ ਆਉਣ।

ਮੈਨੂੰ ਪਤੈ
ਤੂੰ ਮੇਰੇ ਮਿਠੜੇ ਸੁਨਹਿਰੀ ਬੇਰਾਂ
ਠੰਢੀਆਂ ਛਾਵਾਂ ਨੂੰ ਮਾਣ
ਮੈਨੂੰ ਕੰਡਿਆਲੀ ਕਹਿ
ਨਕਾਰਦਾ ਏਂ ਅਕਸਰ
ਤੇ ਕੱਟਣ/ਵੱਢਣ/ਛਾਂਗਣ ਨੂੰ ਫਿਰਦੈਂ ਮੇਰੀ ਹੋਂਦ
ਮੇਰੀ ਵਫ਼ਾ ਨੂੰ ਸਮਝ ਪਰਖ ਤੇ ਪਛਾਣ ਐ ਪਿਆਰੇ
ਮਨੁੱਖ ਨਹੀਂ ਕਿ ਬੇਵਫ਼ਾ ਹੋ ਜਾਵਾਂ
ਬਿਨ ਦੱਸੇ ਬਿਨ ਕਾਰਨ ਖ਼ਫ਼ਾ ਹੋ ਜਾਵਾਂ।

ਤੂੰ ਜਾਣੇ ਨਾ ਜਾਣੇ ਮਹਿਰਮਾ
ਤੇਰੇ ਸਾਹਾਂ ਦੀ ਸਾਥਣ ਨੂੰ
ਸੋਹਣੀ ਢਲਦੀ ਆਥਣ ਨੂੰ
ਤੇਰੀ ਅਪਣੱਤ ਦਾ ਅਹਿਸਾਸ ਹੈ
ਰੱਬ ਵਰਗਾ ਵਿਸ਼ਵਾਸ ਹੈ
ਪਰ ਅਫ਼ਸੋਸ
ਕਿ ਮੈਂ ਉਹ ਪਾਕ-ਪਵਿੱਤਰ
'ਦੁੱਖ ਭੰਜਨੀ ਬੇਰੀ' ਨਹੀਂ
ਜੋ ਤੇਰੇ ਦੁਨਿਆਵੀ ਦੁੱਖ ਹਰ ਸਕਦੀ
ਜੋ ਤੇਰੇ ਰਾਹਾਂ ਦੇ ਕੰਡੇ ਫੜ ਸਕਦੀ।




**ਸੁਰਿੰਦਰ ਮਕਸੂਦਪੁਰੀ**
**234, ਸੁਦਰਸ਼ਨ ਪਾਰਕ**
**ਮਕਸੂਦਾਂ, ਜਲੰਧਰ।**
**ਮੋ. 99887-10234**

ਸਿਹਤ ਸੰਭਾਲ

# ਫਲਾਂ ਦੀ ਮਹੱਤਤਾ



ਸੇਬ ਹੀ ਨਹੀਂ, ਸਗੋਂ ਸਾਰੇ ਹੀ ਫਲਾਂ ਵਿਚ ਕੁਝ ਅਜਿਹੇ ਖੁਰਾਕੀ ਤੱਤ ਛੁੱਪੇ ਹੁੰਦੇ ਹਨ ਜੋ ਮਨੁੱਖਾ ਸਰੀਰ ਨੂੰ ਤੰਦਰੁਸਤ ਤਾਂ ਰਖਦੇ ਹੀ ਹਨ, ਸਗੋਂ ਸੋਹਣਾ ਵੀ ਬਣਾਉਂਦੇ ਹਨ। ਵਿਗਿਆਨਕਾਂ ਅਨੁਸਾਰ ਮਨੁੱਖ ਬਾਂਦਰ ਜਾਤੀ ਤੋਂ ਵਿਕਸਤ ਹੋਇਆ ਹੈ ਤਾਂ ਵੇਖਿਆ ਜਾਵੇ ਤਾਂ ਬਾਂਦਰ ਸਿਰਫ ਫਲ ਹੀ ਖਾਂਦਾ ਹੈ ਅਤੇ ਸਾਰਾ ਦਿਨ ਇਕ ਤੋਂ ਦੂਸਰੇ ਰੁੱਖ ਤੇ ਟਪੂਸੀਆਂ ਮਾਰਦਾ ਰਤਾ ਭਰ ਵੀ ਥੱਕਦਾ ਨਹੀਂ ਹੈ। ਇਵੇਂ ਹੀ ਫਲ-ਫਰੂਟ ਖਾਣ ਵਾਲੇ ਬੱਚਿਆਂ ਵਿਚ ਜ਼ਿਆਦਾ ਦਿਮਾਗੀ ਅਤੇ ਸਰੀਰਕ ਤਾਕਤ ਹੁੰਦੀ ਹੈ ।

ਤਾਜ਼ੇ ਦੁੱਧ ਵਾਂਗ ਤਾਜ਼ੇ ਫਲਾਂ ਵਿਚ ਮਿਲਾਵਟ ਦੀ ਗੁੰਜਾਇਸ਼ ਘੱਟ ਹੁੰਦੀ ਹੈ। ਆਮ ਲੋਕ ਵਿਦੇਸ਼ਾਂ ਅਤੇ ਦੂਰ-ਦੁਰਾਡੇ ਸੂਬਿਆਂ ਤੋਂ ਆਏ ਫਲਾਂ ਨੂੰ ਖਾਣ 'ਚ ਵਡਿਆਈ ਸਮਝਦੇ ਹਨ। ਆਪਣੀ ਬਗੀਚੀ, ਆਪਣੇ ਨੇੜੇ-ਤੇੜੇ ਦੇ ਇਲਾਕੇ ਜਾਂ ਆਪਣੀ ਗੁਆਂਢੀ ਸੂਬਿਆਂ ਤੋਂ ਆਏ ਫਲਾਂ ਦਾ ਹੀ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਦੂਰ ਦੁਰਾਡੇ ਤੋਂ ਆਏ ਫਲ ਹਮੇਸ਼ਾਂ ਹੀ ਕੈਮੀਕਲ ਕਿਰਿਆਵਾਂ 'ਚੋਂ ਲੰਘੇ ਹੁੰਦੇ ਹਨ ਅਤੇ ਜ਼ਿਆਦਾ ਦਿਨ ਪੁਰਾਣੇ ਹੋਣ ਕਰਕੇ ਫਲਾਂ ਦੇ ਬਹੁਤ ਸਾਰੇ ਪੋਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ ਜਦੋਂ ਕਿ ਆਪਣੇ ਨੇੜੇ-ਤੇੜੇ ਤੋਂ ਆਏ ਫਲ ਤਾਜ਼ਾ ਹੋਣ ਦੇ ਨਾਲ ਆਪਣੇ ਇਲਾਕੇ ਦੀ ਤਾਸੀਰ ਮੁਤਾਬਕ ਜਲਦੀ ਹਜ਼ਮ ਹੋ ਕੇ ਜ਼ਿਆਦਾ ਫਾਇਦਾ ਦਿੰਦੇ ਹਨ ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**




ਸਾਡੇ ਦੇਸ਼ 'ਚ ਰਿਵਾਜ਼ ਜਿਹਾ ਬਣ ਗਿਆ ਹੈ ਕਿ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਜਾਣ ਲਈ ਮਠਿਆਈ ਦੇ ਡੱਬੇ ਲੈ ਕੇ ਜਾਂਦੇ ਹਾਂ। ਬਜ਼ਾਰੂ ਮਠਿਆਈਆਂ ਉਤੇ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਜੇ ਵਿਸ਼ਵਾਸ਼ ਵੀ ਕਰ ਲਈਏ ਤਾਂ 20-25 ਰੁਪਏ ਕਿਲੋ ਖੰਡ ਦੀ ਮਠਿਆਈ 200-250 ਰੁਪਏ ਕਿਲੋ ਖਰੀਦ ਕੇ ਅਸੀਂ ਆਪ ਹੀ ਸ਼ੂਗਰ ਰੋਗ ਨੂੰ ਅਵਾਜ਼ਾਂ ਮਾਰਦੇ ਹਾਂ। ਉਪਰੋਂ ਦੁਕਾਨਦਾਰ ਗੱਤੇ ਦਾ ਭਾਅ ਵੀ ਮਠਿਆਈ ਦੇ ਬਰਾਬਰ ਲਗਾਉਂਦਾ ਹੈ। ਜ਼ਰਾ ਕੁ ਸੋਚੋ ਕਿ ਏਨੇ ਰੁਪਏ ਖਰਚ ਕੇ ਘੱਟੋ-ਘੱਟ 10 ਦਰਜਨ ਕੇਲੇ ਜਾਂ 15 ਕਿਲੋ ਕਿੰਨੂ ਜਾਂ 6 ਕਿਲੋ ਸੇਬ ਜਾਂ 15 ਕਿਲੋ ਪਪੀਤਾ ਲੈ ਸਕਦੇ ਹਾਂ। ਇਤਨਾਂ ਜ਼ਿਆਦਾ ਫਲ ਗੱਤੇ ਦੇ ਛੋਟੇ ਜਿਹੇ ਡੱਬੇ ਦੀ ਥਾਂ ਵੱਡੀ ਟੋਕਰੀ 'ਚ ਸਮਾਉਂਦਾ ਹੈ । ਮਿੱਤਰ ਜਾਂ ਰਿਸ਼ਤੇਦਾਰ ਕਈ ਦਿਨਾਂ ਤੱਕ ਤਾਜ਼ਾ ਫਰੂਟ ਖਾਣਗੇ ਅਤੇ ਸਿਹਤ ਬਣਾਉਣਗੇ। ਪਰ ਕੀ ਕਰੀਏ ਇੰਝ ਕਰਨ ਨਾਲ ਤਾਂ ਸਾਡੀ ਨੱਕ ਨਹੀਂ ਰਹਿੰਦੀ।

ਫਲਾਂ ਵਿਚ ਵਿਟਾਮਨਾਂ ਅਤੇ ਹੋਰ ਕੀਮਤੀ ਤੱਤਾਂ ਤੋਂ ਇਲਾਵਾ ਫ੍ਰੇਕਟੋਜ਼ ਨਾਮ ਦੀ ਮਿਠਾਸ ਹੁੰਦੀ ਹੈ ਜੋ ਸਾਡੇ ਮਿਹਦੇ ਵਿਚ ਛੇਤੀ ਅਤੇ ਸੌਖੀ ਹਜ਼ਮ ਹੋ ਜਾਂਦੀ ਹੈ ਜਦੋਂ ਕਿ ਮਠਿਆਈ ਨੂੰ ਪਚਾਉਣ ਲਈ ਮਿਹਦੇ, ਤਿੱਲੀ, ਅੰਤੜੀਆਂ, ਜਿਗਰ ਅਤੇ ਗੁਰਦਿਆਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਫਲਾਂ ਨੂੰ ਆਮ ਪ੍ਰਚਲਿਤ ਅੰਨ ਵਾਂਗ ਅੱਗ ਤੇ ਪਕਾਉਣ ਦੀ ਲੋੜ ਨਹੀਂ ਪੈਂਦੀ, ਜਿਸ ਨਾਲ ਦੇਸ਼ ਦਾ ਵੱਡਮੁੱਲਾ ਬਾਲਣ ਗੈਸ ਭੰਡਾਰ ਤਾਂ ਬੱਚਦਾ ਹੀ ਹੈ ਅਤੇ ਨਾਲ ਨਾਲ ਸਮੇਂ ਦੀ ਵੀ ਬੱਚਤ ਹੁੰਦੀ ਹੈ। ਫਲਾਂ ਦੀ ਜ਼ਿਆਦਾ ਪੈਦਾਵਾਰ ਕਰਨ ਨਾਲ ਪੇਂਡੂ ਖੇਤਰ ਵਿਚ ਕਾਮਿਆਂ ਲਈ ਰੋਜ਼ਗਾਰ ਦੇ ਮੌਕੇ ਵਧਣਗੇ ਅਤੇ ਸਿਹਤਮੰਦ ਸਮਾਜ ਦੀ ਉਤਪਤੀ ਹੋਵੇਗੀ ।

ਤਾਂ ਆਉ, ਸੰਕਲਪ ਕਰੀਏ ਕਿ ਆਪਣੇ ਘਰਾਂ ਖੇਤਾਂ ਅਤੇ ਹਵੇਲੀਆਂ 'ਚ ਫਲਦਾਰ ਰੁੱਖ ਲਗਾਈਏ। ਤੁਹਾਡੇ ਲਗਾਏ ਫਲਦਾਰ ਰੁੱਖਾਂ ਦੀ ਉਪਜ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰਦੂਸ਼ਣ ਰਹਿਤ ਵਾਤਾਵਰਨ ਅਤੇ ਵਿਟਾਮਨਾਂ ਅਤੇ ਤੱਤਾਂ ਨਾਲ ਭਰਪੂਰ ਖਾਧ-ਪਦਾਰਥ ਦੇਵੇਗੀ। ਵਿਦਿਆਰਥੀ ਵਰਗ ਲਈ ਫਲ ਰੱਬ ਦਾ ਵਰਦਾਨ ਹਨ।

# ਬਾਬਾ ਮੱਖਣ ਸ਼ਾਹ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 27-04-2019 ਤੋਂ 25-05-2019

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ।<br>ਮਕਾਨ ਨੰ-11, ਸੰਗਮ ਇਨਕਲੇਵ, ਸੈਕਟਰ-48ਏ, ਚੰਡੀਗੜ੍ਹ। | 200/- | ਆਈ-285 | 27-04-2019 |
| 2. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ-42, ਸੈਕਟਰ-16ਏ, ਚੰਡੀਗੜ੍ਹ। | 1100/- | ਆਈ-286 | 27-04-2019 |
| 3. | ਸ. ਬਲਵਿੰਦਰ ਸਿੰਘ ਮੁਲਤਾਨੀ<br>ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ।<br># 541, ਫੇਸ-3ਏ, ਮੋਹਾਲੀ। | 200/- | ਆਈ-287 | 27-04-2019 |
| 4. | ਸ. ਰਵਿੰਦਰ ਸਿੰਘ ਜਨਰਲ ਸਕੱਤਰ<br>ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | 200/- | ਆਈ-288 | 27-04-2019 |
| 5. | ਪੰਡਿਤ ਸ਼੍ਰੀ ਰਾਮ ਕੁਮਾਰ,<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ, ਚੰਡੀਗੜ੍ਹ। | 1100/- | ਆਈ-289 | 27-04-2019 |
| 6. | ਸ. ਅਰਸ਼ਪ੍ਰੀਤ ਸਿੰਘ<br>ਮਕਾਨ ਨੰ-7113, ਸੈਕਟਰ-125, ਮੋਹਾਲੀ। | 500/- | ਆਈ-290 | 27-04-2019 |
| 7. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-1838, ਸੈਕਟਰ-7, ਮੋਹਾਲੀ। | 500/- | ਆਈ-292 | 27-04-2019 |
| 8. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ-795, ਫੇਸ-3ਬੀ-1, ਮੋਹਾਲੀ। | 1000/- | ਆਈ-293 | 27-04-2019 |
| 9. | ਕਰਨਲ ਗੁਰਦੀਪ ਸਿੰਘ,<br>ਮਕਾਨ ਨੰ-62, ਸੈਕਟਰ-71, ਮੋਹਾਲੀ। | 500/- | ਆਈ-294 | 27-04-2019 |
| 10. | ਸ. ਚਰਨਜੀਤ ਸਿੰਘ ਲੁਬਾਣਾ<br>ਮਕਾਨ ਨੰ- ਐਚ.ਐਲ.-600, ਫੇਸ-9, ਮੋਹਾਲੀ।<br>ਪ੍ਰਧਾਨ ਯੁਨਾਇਟਿਡ ਵੈਲਫੇਅਰ ਐਸੋਸੀਏਸ਼ਨ, ਸੈਕਟਰ-63, ਫੇਸ-9, ਮੋਹਾਲੀ। | 200/- | ਆਈ-295 | 27-04-2019 |
| 11. | ਸ. ਲਖਬੀਰ ਸਿੰਘ<br>ਮਕਾਨ ਨੰ-685-ਏ, ਸੈਕਟਰ-30-ਏ, ਚੰਡੀਗੜ੍ਹ। | 100/- | ਆਈ-296 | 27-04-2019 |

| | | | | |
|---|---|---|---|---|
| 12. | ਸ. ਜਸਬੀਰ ਸਿੰਘ ਮੁਲਤਾਨੀ<br>ਮਕਾਨ ਨੰ-580 ਫੇਸ-11, ਮੋਹਾਲੀ। | 200/- | ਆਈ-297 | 27-04-2019 |
| 13. | ਸ਼੍ਰੀ ਕੇਸ਼ਵ ਨਾਇਕ<br>ਸੁੰਦਰ ਨਗਰ, ਹਿਮਾਚਲ ਪ੍ਰਦੇਸ਼। | 2100/- | ਆਈ-298 | 27-04-2019 |
| 14. | ਸ. ਰਣਬੀਰ ਸਿੰਘ<br>ਮਕਾਨ-1374/4, ਸੈਕਟਰ-65, ਫੇਸ-11, ਮੋਹਾਲੀ। | 200/- | ਆਈ-299 | 27-04-2019 |
| 15. | ਸ. ਐਨ.ਪੀ. ਸਿੰਘ<br>ਮਕਾਨ ਨੰ-2249, ਸਟਾਰ ਇਨੰਕਲੇਵ, ਸੈਕਟਰ-48-ਸੀ, ਚੰਡੀਗੜ੍ਹ। | 200/- | ਆਈ-300 | 27-04-2019 |
| 16. | ਲੈਕ. ਸ. ਗੁਲਸ਼ਨ ਕੁਮਾਰ ਸਿੰਘ<br>ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ। | 500/- | ਆਈ-301 | 27-04-2019 |
| 17. | ਸ. ਰਾਜਪਾਲ ਸਿੰਘ<br>ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਚੰਡੀਗੜ੍ਹ।<br>ਮਕਾਨ ਨੰ-43, ਮਨੀ ਮਾਜਰਾ। | 500/- | ਆਈ-302 | 27-04-2019 |
| 18. | ਸ. ਲਖਵਿੰਦਰ ਸਿੰਘ ਘੋਤੜਾ<br>ਮਕਾਨ ਨੰ-244/1, ਸੈਕਟਰ-55, ਚੰਡੀਗੜ੍ਹ। | 100/- | ਆਈ-303 | 27-04-2019 |
| 19. | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16, ਪੰਚਕੂਲਾ (ਹਰਿਆਣਾ) | 1000/- | ਆਈ-304 | 04-05-2019 |
| 20. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਮਕਾਨ. ਨੰ-2218, ਸੈਕਟਰ-38ਸੀ. ਚੰਡੀਗੜ੍ਹ। | 1100/- | ਆਈ-306 | 15-05-2019 |
| 21. | ਪੰਡਿਤ ਸ਼੍ਰੀ ਰਾਮ ਕੁਮਾਰ,<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ, ਚੰਡੀਗੜ੍ਹ। | 500/- | ਆਈ-307 | 15-05-2019 |
| 22. | ਸ. ਰਵਿੰਦਰ ਸਿੰਘ ਜਨਰਲ ਸਕੱਤਰ<br>ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | 200/- | ਆਈ-308 | 15-05-2019 |
| 23. | ਸੂਬੇਦਾਰ ਮੇਜਰ ਅਮਰਜੀਤ ਸਿੰਘ<br>ਐਚ.ਐਮ-102, ਫੇਸ-3ਬੀ1, ਮੋਹਾਲੀ। | 200/- | ਆਈ-309 | 15-05-2019 |
| 24. | ਸ. ਕਮਲਜੀਤ ਸਿੰਘ<br>ਮਕਾਨ ਨੰ-3003, ਅਰਬਨ ਐਸਟੇਟ, ਪਟਿਆਲਾ। | 500/- | ਆਈ-310 | 15-05-2019 |
| 25. | ਸ. ਸੁਰਿੰਦਰ ਸਿੰਘ, ਚੰਡੀਗੜ੍ਹ। | 200/- | ਆਈ-311 | 15-05-2019 |
| 26. | ਸ. ਅਮਰਜੀਤ ਸਿੰਘ<br>ਪੁੱਤਰ ਸ. ਗਿਆਨ ਸਿੰਘ ਮੁਲਤਾਨੀ, ਮਕਾਨ ਨੰ-42, ਸੈਕਟਰ-16ਏ, ਚੰਡੀਗੜ੍ਹ। | 500/- | ਆਈ-312 | 15-05-2019 |

| | | | | |
|---|---|---|---|---|
| 27. | ਸ. ਪ੍ਰਤਾਪ ਸਿੰਘ<br>ਮਕਾਨ ਨੰ–5701, ਸੈਕਟਰ–38, ਚੰਡੀਗੜ੍ਹ। | 100/– | ਆਈ–313 | 15-05-2019 |
| 28. | ਸ਼੍ਰੀਮਤੀ ਸੁਰਜੀਤ ਕੌਰ, ਚੰਡੀਗੜ੍ਹ। | 200/– | ਆਈ–314 | 15-05-2019 |
| 29. | ਸ. ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ,<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।<br>ਮਕਾਨ ਨੰ–11, ਸੰਗਮ ਇਨਕਲੇਵ, ਸੈਕਟਰ–48ਏ, ਚੰਡੀਗੜ੍ਹ। | 200/– | ਆਈ–315 | 15-05-2019 |
| 30. | ਸ. ਬਲਵਿੰਦਰ ਸਿੰਘ ਮੁਲਤਾਨੀ<br>ਸੀਨੀਅਰ ਵਾਇਸ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।<br># 541, ਫੇਸ–3, ਮੋਹਾਲੀ। | 200/– | ਆਈ–316 | 15-05-2019 |
| 31. | ਸ. ਬਿਕਰਮਪਾਲ ਸਿੰਘ,<br>ਮਕਾਨ ਨੰ–508, ਪੰਚਮ ਇੰਨਕਲੇਵ, ਸੈਕਟਰ–48–ਏ, ਚੰਡੀਗੜ੍ਹ। | 500/– | ਆਈ–317 | 15-05-2019 |
| 32. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ–62, ਸੈਕਟਰ–71, ਮੋਹਾਲੀ। | 250/– | ਆਈ–318 | 15-05-2019 |
| 33. | ਸ. ਗੁਰਬਚਨ ਸਿੰਘ<br>ਮਕਾਨ ਨੰ–2708/2, ਸੈਕਟਰ–47 ਸੀ, ਚੰਡੀਗੜ੍ਹ। | 100/– | ਆਈ–319 | 15-05-2019 |
| 34. | ਸ਼੍ਰੀ ਰੋਹੀ ਰਾਮ,<br>ਮਕਾਨ ਨੰ–5702, ਸੈਕਟਰ–38–ਵੇਸਟ, ਚੰਡੀਗੜ੍ਹ। | 100/– | ਆਈ–320 | 15-05-2019 |
| 35. | ਸੁਬੇ. ਮੇਜਰ ਜਸਪਾਲ ਸਿੰਘ,<br>ਮਕਾਨ ਨੰ–18, ਏ.ਕੇ.ਐਸ ਕਲੋਨੀ, ਜ਼ੀਰਕਪੁਰ, ਮੋਹਾਲੀ। | 100/– | ਆਈ–321 | 15-05-2019 |
| 36. | ਸ. ਚਰਨਜੀਤ ਸਿੰਘ ਲੁਬਾਣਾ<br>ਮਕਾਨ ਨੰ– ਐਚ.ਐਲ–600, ਫੇਸ–9, ਮੋਹਾਲੀ।<br>ਪ੍ਰਧਾਨ ਯੂਨਾਇਟਿਡ ਵੈਲਫੇਅਰ ਐਸੋਸੀਏਸ਼ਨ,<br>ਸੈਕਟਰ–63, ਫੇਸ–9, ਮੋਹਾਲੀ। | 200/– | ਆਈ–322 | 15-05-2019 |
| 37. | ਲੈਕ. ਸ. ਗੁਲਸ਼ਨ ਕੁਮਾਰ ਸਿੰਘ<br>ਵਾਇਸ ਪ੍ਰਧਾਨ<br>ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ–30–ਏ, ਚੰਡੀਗੜ੍ਹ।<br>ਮਕਾਨ ਨੰ–3405, ਸੈਕਟਰ–40ਡੀ, ਚੰਡੀਗੜ੍ਹ। | 200/– | ਆਈ–323 | 15-05-2019 |
| 38. | ਸ਼੍ਰੀਮਤੀ ਗੁਰਲੀਨ ਕੌਰ<br>ਮਕਾਨ ਨੰ–652, ਸੈਕਟਰ–8, ਚੰਡੀਗੜ੍ਹ। | 200/– | ਆਈ–325 | 15-05-2019 |

| | | | | |
|---|---|---|---|---|
| 39. | ਸ਼੍ਰੀ ਸੁਰੇਸ਼ ਸ਼ਰਮਾ<br>ਮਕਾਨ ਨੰ-652, ਸੈਕਟਰ-8, ਚੰਡੀਗੜ੍ਹ। | 200/- | ਆਈ-326 | 15-05-2019 |
| 40. | ਸ. ਨਿਰਮਲ ਸਿੰਘ ਗਾਹੜਾ<br>ਮੈਨਟੇਨੈਂਸ ਸਕੱਤਰ<br>ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-2354, ਫੇਜ਼-10, ਮੋਹਾਲੀ। | 200/- | ਆਈ-327 | 15-05-2019 |
| 42. | ਸ਼੍ਰੀਮਤੀ ਸੁਰਿੰਦਰ ਕੌਰ<br>(ਸਟਾਫ) ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ। | 250/- | ਆਈ-328 | 18-05-2019 |
| 41. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਮਕਾਨ ਨੰ-2218, ਸੈਕਟਰ-38ਸੀ. ਚੰਡੀਗੜ੍ਹ। | 1100/- | ਆਈ-329 | 18-05-2019 |
| 42. | ਮੇਜਰ ਤਰਲੋਕ ਸਿੰਘ<br>ਮਕਾਨ ਨੰ-62, ਸੈਕਟਰ-70, ਮੋਹਾਲੀ। | 500/- | ਆਈ-330 | 19-05-2019 |
| 43. | ਸ. ਅਮਰਜੀਤ ਸਿੰਘ<br>ਪੁੱਤਰ ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ-42, ਸੈਕਟਰ-16ਏ, ਚੰਡੀਗੜ੍ਹ। | 500/- | ਆਈ-331 | 19-05-2019 |
| 44. | ਸ. ਰਵਿੰਦਰ ਸਿੰਘ ਜਨਰਲ ਸਕੱਤਰ<br>ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | 200/- | ਆਈ-332 | 19-05-2019 |
| 45. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ-42, ਸੈਕਟਰ-16ਏ, ਚੰਡੀਗੜ੍ਹ। | 200/- | ਆਈ-333 | 19-05-2019 |
| 46. | ਗੁਪਤ ਦਾਨ | 200/- | ਆਈ-334 | 19-05-2019 |
| 47. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ-795, ਫੇਸ-3ਬੀ-1, ਮੋਹਾਲੀ। | 500/- | ਆਈ-335 | 19-05-2019 |
| 48. | ਸ. ਐਨ.ਪੀ. ਸਿੰਘ<br>ਮਕਾਨ ਨੰ-2249,<br>ਸਟਾਰ ਇਨੰਕਲੇਵ, ਸੈਕਟਰ-48-ਸੀ, ਚੰਡੀਗੜ੍ਹ। | 100/- | ਆਈ-336 | 19-05-2019 |
| 49. | ਕਰਨਲ ਗੁਰਦੀਪ ਸਿੰਘ,<br>ਮਕਾਨ ਨੰ-62, ਸੈਕਟਰ-71, ਮੋਹਾਲੀ। | 500/- | ਆਈ-337 | 19-05-2019 |
| 50. | ਸਰਦਾਰਨੀ ਕੁਲਦੀਪ ਕੌਰ<br>ਮਕਾਨ ਨੰ-ਡੀ-20, ਦੁਰਗਾ ਨਗਰ, ਮਹੇਸ਼ ਨਗਰ,<br>ਅੰਬਾਲਾ ਕੈਂਟ, ਹਰਿਆਣਾ ਨੇ ਆਪਣੇ ਸਪੁੱਤਰ ਇੰਜ. ਅਮਨਜੋਤ ਸਿੰਘ<br>ਦੇ ਸ਼ੁੱਭ ਅਨੰਦਕਾਰਜ ਤੇ ਭਵਨ ਨੂੰ ਦਾਨ ਦਿੱਤੇ। ਰਾਹੀਂ ਸੂਬੇ. ਮੇਜਰ ਅਮਰਜੀਤ ਸਿੰਘ ਜੀ। | 1100/- | ਆਈ-338 | 25-05-2019 |

# Punjabi Students on the Move



**By Sukhmanjot Kaur,**
**Ph.D Student Punjabi University Patiala**

International migration is as old as human civilisation. The World Bank data shows that at present around 3 percent of the world's population is migrant populations. Among these migrant populations, males and females are almost equal in numbers.

In modern period, Punjab has witnessed five streams of flow of international migration. The first stream of international migration from Punjab began in the last quarter of the 19th century. It was either to the South Asian countries or North American Countries-mainly to USA and Canada. This stream of migration included mainly the migrants who served in the British Army or their relatives. This is the reason that this stream of international migration was either from Doaba or Maza as these two regions were under the direct control of Britishers. Malwa was governed under the princely states. This stream of migration included mainly males, females joined them later in the destination countries. This stream of migration was before independence when India was a colony of Britishers so there was no hassles in the flow of international migration of Punjabis to other countries. It was a permanent and legal migration.

The second stream of international migration started in the middle of the 20th century. It was mainly to England and some African countries. It was the migration of skilled labour. The higher proportion of this migration included the teachers who left their jobs here for the green pasture abroad. In this stream of migration, females moved along with males not as independent movers but as dependent. It was a also legal and permanent migration.

The third stream of international migration began in 1970s when there was a high demand of labor in the Gulf countries for the construction activities. During this period there was a high exploration of oil in the Gulf countries. The Gulf countries gained higher income from the exports of oil. They invested this money mainly in the construction activities. Thus arose the demand for semi-skilled and manual labour. In this flow of international migration only males moved due to the nature of construction work in the Gulf countries.The punjabi youth from the lower income households filled the gap in the supply of labour to these countries. It was a temporary but legal migration.

The fourth stream of international migration from Punjab began in 1980s, it was a illegal migration. The flow of this migration was mainly to European countries and USA. This stream of migration originated from lower-middle and middle-income households . Besides it, there was a step migration in this flow of migration. It means, the youth belonging to lower income households who initially worked temporarily in the Gulf countries later on moved to the European countries. The flow of this migration was mainly confined to males only due to high risk involved in the nature of migration as most of this migration was in the nature of Donkey and Monkey. Kabootarbazi played a significant role in the flow of this type of migration. But once these illegal male migrants got legal status in the destination countries their family members joined them in the destination countries. In other words, in first step male members moved as illegal migrant but later on their family members moved as legal dependent migrants.


The fifth stream of migration from Punjab is the student migration that began in the beginning of the

21st century. The flow of this migration is mainly towards Canada, Australia, New Zealand and a very small proportion to the European countries. This flow of migration originated either from the middle - income households or from upper middle -income households. In the initial years, the flow of this migration was confined to male students only, but now a high proportion of female students are also moving, of course, as independent movers. In Punjab, the students migration is becoming a rite of passage.

Now, the questions arise that are these students moving to achieve a higher level of education to improve their skills in the advanced countries and return back to serve their country or is it an economic migration disguised under student migration. These two questions need explanation.

The economic theories of migration posits that broadly there are three factors; push, pull, and facilitating that determine the flow and destination countries of the migrants. Interestingly, in the phenomenon and pattern of world migration push factors dominate in explaining the flow and destination of international migration, but in contrast, in Punjab, there are the pull and facilitating factors that explain this phenomenon.

It is in this context that we have to see the flow pattern of students' migration from the Punjab. The post liberalisation era in Punjab witnessed the large expansion in higher education through the participation of private players in higher education sector. It led a large increase in the number of private universities and colleges in the state. But, it increased the costs of education and reduced the quality of education. Simultaneously, Punjab not only witnessed slow growth in her state GDP as compared with the average growth rate of GDP of India, but also experienced a jobless growth. On the other hand, in the destination countries Punjabi students expect higher quality education at the same real costs with higher expected income and better employment opportunities. Thus, moving abroad as students and settling there seem to be a rational choice on the part of Punjabi Students.




# Anand Karaj

Er. Amanjot Singh Ghotra BE (Mech), MBA (IIM), Grand S/O Late. Capt. Puran Singh & SDN Vidhwant kaur (S/O-Late. Dr. Surjit Singh & SDN. Kuldeep Kaur), of Durga Nagar Ambala Cantt Weds Er. Harleen Kaur (BE), D/O- Sd. Harpreet Singh & SDN. Gurpreet Kaur of Officers colony, Patiala on 27 April 2019 at fort Patiala resorts as per Sikh rituals without dowry. The family donated Rs.1101/- on this occasion.

The Baba Makhan Shah Lobana Foundation Sec-30-A,Chandigarh wishes the newly wedded couple joyful and prosperous married life.



# MATRIMONIAL



Suitable match for Manglik Sharma girl born on May 7, 1990, Height – 5’4”, Gotar :- Gautam/Kaushal, BEd, Med, MA English,UGC Net cleared CTET Cleared and HTET, PTET cleared , PhD pursuing.  Serving an Assistant Professor in Mohali. Contact after matching kundali. Mob No.-99885-88123

* * * * *

Suitable qualified match for Lubana Sikh Turbaned boy, Height 6ft., Aug 1990, Bachelors in Cyber Security & Forensics. Working as Cyber Forensics Consultant in Gurgaon. Annual package Rs.18 Lacs. Seeking educated girl either settled in India or abroad. Contact 9872157495, 6284767292

* * * * *

Suitable match for Lubana Sikh Turband boy Feb 1989 born height 5'9” B Tech CSE, Project Manager with Apple at California USA drawing USD one lac per annum. Belongs to well educated family. Contact No 8146549765, 9417122809.

* * * * *

Suitable match for a Widow Lobana girl height-5'6”, D.o.b-11-08-1986, Education +2(Arts),ITI (Fashion Designing), residence of Mohali, Father-Ram Niranjan, Mother-Kanta Rani.  Contact no-97800-93687, 98785-05838 .

* * * * *

Suitable match for Lobana Sikh Beautiful girl height-5'3”, D.o.b-26-05-1986, Education-Ph.D Food Technology. Job-Asst. Professor drawing, Salary- 30,000/- Pm, Only brother Army Major, Father retired Supt. Engineer Thermal Plant, Mother M.A . Homely.

Contact no-93550-84781, 94638-03824.

* * * * *

Suitable match for qualified girl height-5’ 4, D.o.b-Dec/1987, Complexion-Fair, Education M.Sc. Chemistry, B.Ed, Working as PGT Chemistry Teacher, Village- Budhlada, distt- Mansa. Contact no. 94785-01310.

* * * * *

Suitable match for Gaurav Multani, Age-11-09-1989, Height-6 feet, Education- B.tech Mechanical, MBA material Management, Job-Asst Manager(Supply Chain Management) in Sonalika Tractors (HSP), Sallary-45K, Mother-House Wife, Sister married USA (Citizen), Father expired, Cont- +9178377-05050

* * * * *

Suitable match for beautiful girl D.o.b-17-10-1992, Height-5'7", Job-Private at Chandigarh. Fatehr Nirmal Singh Cont no-98149-05739, 70098-53286

* * * * *

Suitable match for qualified lobana Sikh girl Dob-1989, Height-5'4", Qualification- Bachelor of Commerce, MBA Banking and Finance, Working in ICICI Bank Chandigarh as Assistant Manager. Cont no-97801-25139, 89683-63897.

* * * * *

Suitable match for Lobana girl age/Height:28/ 5' 3", Date of Birth: 17-Jan-1991, Skin Tone: Wheatish, Body Type: Average, Education: Masters - Management College(s) Attended: Indian Institute of Technology Delhi - MBA in Operations and IT, DeenbandhuChhotu Ram University of Science & Technology - B.tech in CSE , Working As: Program Manager with Amazon, Father: Businessman, Transportation, Mother: Home maker, Siblings: 1 younger brother, studying.Cont no-97294-71270

* * * * *

Slim Beautiful minimum height-5'4", professionally qualified match required for Handsome, clean shaven, Sikh Lubana boy, DOB-27/07/1989, Height-5'8", B.Tech, ECE from GNDU, Working in Switzerland as Project Manager (Software Engineer) in MNC. Having Rural and Urban property. Well settled family in Mohali. Father retired as Air Force Officer, Mother MA, B.Ed, Daughter is Gazetted Officer in Punjab Government and married to an Army Officer (Lt. Colonel). Cont no-98764-34476

* * * * *

Indian Lubana Sikh Clean Shaven handsome boy age 29, height 5'8" having Theater Degree, 3 times scored 8 bands in IELTS working as Theater Teacher and Artist requires a USA/Canada Citizen or green card holder educated girl. Employed girl in India can also be considered. Elder brother of the boy is America and sister is canada citizen. Parents are USA green card holders havign rural and Urban Property. Caste No Bar.

Contact : 99887-10234, 98886-04234

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

ਸੰਜੇ ਰਾਠੌਰ ਸਟੇਟ ਮਨਿਸਟਰ
ਰੈਵੇਨਿਊ ਗੌਰਮਿੰਟ ਆਫ਼
ਮਹਾਰਾਸ਼ਟਰਾ ਦਾ ਬਾਬਾ
ਮੱਖਣ ਸ਼ਾਹ ਲੁਬਾਣਾ ਭਵਨ
ਚੰਡੀਗੜ੍ਹ ਵਿਖੇ ਸਵਾਗਤ
ਕਰਦੇ ਹੋਏ ਲੁਬਾਣਾ
ਫਾਊਂਡੇਸ਼ਨ ਦੇ ਅਹੁਦੇਦਾਰ









ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖ਼ੂਬਸੂਰਤ ਦ੍ਰਿਸ਼

Regd No. 32212/78 Postal No.-- G/CHD/0111/2018-2020

# EXECUTIVE COMMITTEE MEETING ON 4-5-2019








ਕੈਂਪ ਦੀਆਂ ਕੁਝ ਝਲਕੀਆਂ